# Political System ਰਾਜਨੀਤਿਕ ਪ੍ਰਣਾਲੀ

ਪ੍ਰਸ਼ਨ 1:- ਰਾਜਨੀਤਿਕ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ:- ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਰਾਜਨੀਤਿਕ ਸ਼ਾਸਤਰ ਦੇ ਅਧਿਐਨ ਨੂੰ 20ਵੀਂ ਸਦੀ ਅਤੇ ਵਿਸ਼ੇਸ਼ ਕਰਕੇ ਦੂਜੇ ਮਹਾਂ ਯੁੱਧ ਤੋ ਪਿੱਛੋਂ 'ਵਿਵਹਾਰਵਾਦ ਨਾਂ ਦੀ ਆਈ ਕ੍ਰਾਂਤੀ ਦੀ ਦੇਣ ਹੈ। ਇਸ ਧਾਰਨਾ ਦਾ ਵਰਣਨ ਸਭ ਤੋਂ ਪਹਿਲੀ ਵਾਰੀ ਪ੍ਰਸਿੱਧ ਅਮਰੀਕੀ ਵਿਦਵਾਨ ਡੇਵਿਡ ਈਸਟਨ ਨੇ 1953 ਵਿੱਚ ਪ੍ਰਕਾਸ਼ਿਤ ਆਪਣੀ ਪੁਸਤਕ 'ਰਾਜਨੀਤਿਕ ਪ੍ਰਣਾਲੀ' ਵਿੱਚ ਕੀਤਾ। ਰਾਜਨੀਤਿਕ ਪ੍ਰਣਾਲੀ ਅੰਤਰ-ਕ੍ਰਿਆਵਾਂ ਅਤੇ ਸੰਰਚਨਾਵਾਂ ਦਾ ਇੱਕ ਅਜਿਹਾ ਸਮੂਹ ਹੈ ਜਿਸ ਦਾ ਸਰੀਰਕ ਦਬਾਉ ਪਾਉਣ ਵਾਲੀ ਸ਼ਕਤੀ ਉੱਤੇ ਅੰਤਮ ਕੰਟਰੋਲ ਹੁੰਦਾ ਹੈ ਅਤੇ ਇਸ ਦੁਆਰਾ ਲਏ ਗਏ ਨਿਰਣਿਆਂ ਪਿੱਛੇ ਕਾਨੂੰਨੀ ਸ਼ਕਤੀ ਹੁੰਦੀ ਹੈ। ਰਾਬਰਟ ਏ ਡਾਹਲ ਅਨੁਸਾਰ, "ਰਾਜਨੀਤਿਕ ਪ੍ਰਣਾਲੀ ਮਨੁੱਖੀ ਸੰਬਧਾਂ ਦਾ ਸਥਾਈ ਨਮੂਨਾ ਹੈ ਜਿਸ ਵਿੱਚ ਕਾਫੀ ਮਾਤਰਾ ਵਿੱਚ ਸ਼ਕਤੀ, ਸ਼ਾਸਨ ਅਤੇ ਸੱਤਾ ਸ਼ਾਮਲ ਹੁੰਦੀ ਹੈ।" ਆਲਮੰਡ ਅਤੇ ਪਾਵਲ ਅਨੁਸਾਰ, "ਜਦੋਂ ਅਸੀਂ ਰਾਜਨੀਤਿਕ ਪ੍ਰਣਾਲੀ ਦੀ ਗੱਲ ਕਰਦੇ ਹਾਂ ਤਾ ਇਸ ਵਿੱਚ ਅਸੀਂ ਉਹ ਸਾਰੀਆ ਅੰਤਰ-ਕ੍ਰਿਆਵਾਂ ਸ਼ਾਮਲ ਕਰ ਲੈਂਦੇ ਹਾਂ ਜੋ ਉਚਿੱਤਤਾਪੂਰਨ ਸ਼ਕਤੀ ਦੀ ਵਰਤੋਂ ਨੂੰ ਪ੍ਰਭਾਵਿਤ ਕਰਦੀਆਂ ਹਨ।"

ਪ੍ਰਸ਼ਨ 2:- ਰਾਜਨੀਤਿਕ ਪ੍ਰਣਾਲੀ ਦਾ ਹਿੱਤ ਸਮੂਹੀਕਰਨ ਦਾ ਕਾਰਜ ਕੀ ਹੈ?

ਉੱਤਰ:- ਹਿੱਤ ਸਮੂਹੀਕਰਨ ਰਾਜਨੀਤਿਕ ਪ੍ਰਣਾਲੀ ਦਾ ਨਿਵੇਸ਼ ਕਾਰਜ ਹੈ। ਵੱਖ-ਵੱਖ ਸੰਘਾਂ ਜਾਂ ਸਮੂਹਾਂ ਦੁਆਰਾ ਵੱਖ-ਵੱਖ ਮੰਗਾਂ ਰੱਖੀਆਂ ਜਾਂਦੀਆਂ ਹਨ। ਜਿਹਨਾਂ ਦੀ ਪੂਰਤੀ ਲਈ ਵੱਖ-ਵੱਖ ਨੀਤੀਆਂ ਦਾ ਨਿਰਮਾਣ ਕਰਨਾ ਕਾਫੀ ਕਠਿਠ ਹੁੰਦਾ ਹੈ। ਸੋ ਭਿੰਨ-ਭਿੰਨ ਸੰਗਠਨਾਂ ਦੁਆਰਾ ਰੱਖੀਆ ਗਈਆ ਵੱਖ-ਵੱਖ ਮੰਗਾਂ ਨੂੰ ਇਕੱਠਾ ਕਰਨਾ ਅਤੇ ਉਹਨਾਂ ਦੀ ਪੂਰਤੀ ਲਈ ਸਾਂਝੀ ਨੀਤੀ ਤਿਆਰ ਕਰਨ ਦੀ ਪ੍ਰਕਿਰਿਆਂ ਨੂੰ ਹਿੱਤ ਸਮੂਹੀਕਰਨ ਕਿਹਾ ਜਾਂਦਾ ਹੈ। ਆਲਮੰਡ ਅਤੇ ਪਾਵਲ ਅਨੁਸਾਰ, 'ਮੰਗਾਂ ਨੂੰ ਆਮ ਨੀਤੀਆਂ ਵਿੱਚ ਬਦਲਣ ਦੇ ਕਾਰਜ ਨੂੰ ਹਿੱਤ ਸਮੂਹੀਕਰਨ ਕਹਿੰਦੇ ਹਨ।"

ਪ੍ਰਸ਼ਨ 3:- ਕਾਨੂੰਨੀ ਦਬਾਉਕਾਰੀ ਸ਼ਕਤੀ ਕੀ ਹੁੰਦੀ ਹੈ?

ਉੱਤਰ:- ਉੱਚਿਤਤਾ ਪੂਰਨ ਕਾਨੂੰਨੀ ਦਬਾਉ ਪਾਉਣ ਵਾਲੀ ਸ਼ਕਤੀ ਰਾਜਨੀਤਿਕ ਪ੍ਰਣਾਲੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੁੰਦੀ ਹੈ ਅਤੇ ਇਹ ਸ਼ਕਤੀ ਹਰ ਰਾਜਨੀਤਿਕ ਪ੍ਰਣਾਲੀ ਕੋਲ ਹੁੰਦੀ ਹੈ। ਰਾਜਨੀਤਿਕ ਪ੍ਰਣਾਲੀ ਦੀ ਇਹ ਵਿਸ਼ੇਸ਼ਤਾ ਹੀ ਇਸ ਨੂੰ ਸਮਾਜਿਕ ਅਤੇ ਆਰਥਿਕ ਪ੍ਰਣਾਲੀਆਂ ਨਾਲੋਂ ਭਿੰਨ ਕਰਦੀ ਹੈ ਅਤੇ ਬਾਕੀ ਪ੍ਰਣਾਲੀਆਂ 'ਤੇ ਸਰਵਉੱਚਤਾ ਅਤੇ ਸ਼ਰੇਸ਼ਟਤਾ ਪ੍ਰਦਾਨ ਕਰਦੀ ਹੈ। ਆਪਣੇ ਇਸ ਗੁਣ ਦੇ ਕਾਰਨ ਹੀ ਰਾਜਨੀਤਿਕ ਪ੍ਰਣਾਲੀ ਬਾਕੀ ਸਾਰੇ ਸੰਗਠਨਾਂ ਨੂੰ ਹੁਕਮ ਦਿੰਦੀ ਹੈ ਜਿਹੜੇ ਕਿ ਉਹਨਾਂ ਲਈ ਬੰਧਨਕਾਰੀ ਹੁੰਦੇ ਹਨ ਅਤੇ ਨਾ ਮੰਨਣ 'ਤੇ ਉਹਨਾਂ ਨੂੰ ਘੋਰ ਹਾਨੀਆਂ ਸਹਿਣੀਆਂ ਪੈਂਦੀਆਂ ਹਨ। ਮੈਕਸ ਵੈਬਰ ਅਨੁਸਾਰ, "ਉਚਿੱਤਤਾ ਪੂਰਨ ਸ਼ਕਤੀ ਉਹ ਧਾਗਾ ਹੈ ਜੋ ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਵਿੱਚੋਂ ਦੀ ਗੁਜ਼ਰਦਾ ਹੈ ਅਤੇ ਇਸ ਨੂੰ ਪ੍ਰਣਾਲੀ ਦੇ ਰੂਪ ਵਿੱਚ ਵਿਸ਼ੇਸ਼ ਗੁਣ, ਮਹੱਤਤਾ ਅਤੇ ਇਕਸਾਰਤਾ ਪ੍ਰਦਾਨ ਕਰਦਾ ਹੈ।" ਕਾਨੂੰਨੀ ਦਬਾਉਕਾਰੀ ਸ਼ਕਤੀ ਦਾ ਅਰਥ ਹੈ ਕਿ ਰਾਜਨੀਤਿਕ ਪ੍ਰਣਾਲੀ ਦੀ ਸ਼ਕਤੀ ਕਾਨੂੰਨੀ ਹੁੰਦੀ ਹੈ ਅਤੇ ਰਾਜਨੀਤਿਕ ਪ੍ਰਣਾਲੀ ਇਸ ਸ਼ਕਤੀ ਕਾਰਨ ਹੀ ਆਪਣੇ ਫੈਸਲਿਆਂ ਨੂੰ ਦੂਜਿਆਂ 'ਤੇ ਠੋਸ ਸਕਦੀ ਹੈ।

ਪ੍ਰਸ਼ਨ 4:- ਨਿਕਾਸਾਂ ਦੇ ਅਰਥਾਂ ਦੀ ਵਿਆਖਿਆ ਕਰੋ।

ਉੱਤਰ:- ਅਸੀਂ ਰਾਜਨੀਤਿਕ ਪ੍ਰਣਾਲੀ ਨੂੰ ਨਿਵੇਸ਼ ਪ੍ਰਦਾਨ ਕਰਦੇ ਹਾਂ ਅਤੇ ਰਾਜਨੀਤਿਕ ਪ੍ਰਣਾਲੀ ਉਹਨਾਂ ਨਿਵੇਸ਼ਾਂ ਨੂੰ ਨੀਤੀਆਂ ਜਾਂ ਫੈਸਲਿਆਂ ਵਿੱਚ ਤਬਦੀਲ ਕਰਦੀ ਹੈ ਅਤੇ ਇਹਨਾਂ ਨੀਤਿਆਂ ਅਤੇ ਫੈਸਲਿਆਂ ਨੂੰ ਨਿਕਾਸ ਦਾ ਨਾਂ ਦਿੱਤਾ ਜਾਂਦਾ ਹੈ। ਨਿਕਾਸ ਸਾਡੀਆਂ ਮੰਗਾਂ ਦੇ ਅਨੁਕੂਲ ਵੀ ਹੋ ਸਕਦੇ ਹਨ ਅਤੇ ਪ੍ਰਤੀਕੂਲ ਵੀ, ਜੋ ਕਿ ਕਾਫੀ ਹੱਦ

ਤੱਕ ਰਾਜਨੀਤਿਕ ਪ੍ਰਣਾਲੀ ਦੇ ਸਰੂਪ ਅਤੇ ਇਸ ਦੀ ਸਮਰੱਥਾਂ 'ਤੇ ਨਿਰਭਰ ਕਰਦਾ ਹੈ। ਡੇਵਿਡ ਈਸਟਨ ਅਨੁਸਾਰ ਨਿਕਾਸ ਚਾਰ ਪ੍ਰਕਾਰ ਦੇ ਹੁੰਦੇ ਹਨ ਜਿਹਾ ਕਿ-

I. **ਨਿਕਾਸ:**- ਰਾਜਨੀਤਿਕ ਪ੍ਰਣਾਲੀ ਦੁਆਰਾ ਕੀਤੇ ਗਏ ਫੈਸਲੇ ਜਿਹਾ ਕਿ ਟੈਕਸ, ਉਪਹਾਰ ਜਾਂ ਨਿੱਜੀ ਸੇਵਾਵਾਂ ਆਦਿ।

II. **ਵਿਵਹਾਰ ਨੂੰ ਨਿਯਮਤ ਕਰਨਾ:**- ਸੰਗਠਿਤ ਸਮਾਜ ਵਿੱਚ ਰਹਿੰਦੀਆਂ ਹੋਇਆਂ ਵਿਅਕਤੀ ਦੇ ਵਿਵਹਾਰ ਨੂੰ ਨਿਯਮਤ ਕਰਨ ਲਈ ਨਿਯਮ ਬਣਾਉਣੇ ਪੈਂਦੇ ਹਨ।

III. **ਵਸਤੂਆਂ ਜਾਂ ਸੇਵਾਵਾਂ ਦੀ ਵੰਡ:-** ਹਰ ਰਾਜਨੀਤਿਕ ਪ੍ਰਣਾਲੀ ਵਿਅਕਤੀ ਨੂੰ ਵੱਧ ਤੋਂ ਵੱਧ ਸੇਵਾਵਾਂ ਪ੍ਰਦਾਨ ਕਰਨਾ ਚਾਹੁੰਦੀ ਹੈ ਅਤੇ ਵਿਅਕਤੀ ਦੀਆਂ ਰੋਟੀ, ਕੱਪੜਾ ਅਤੇ ਮਕਾਨ ਦੀਆਂ ਲੋੜਾਂ ਪੂਰੀਆਂ ਕਰਨੀਆਂ ਚਾਹੁੰਦੀ ਹੈ।

IV. **ਸੰਕੇਤਕ ਨਿਕਾਸ:-** ਹਰ ਰਾਜਨੀਤਿਕ ਪ੍ਰਣਾਲੀ ਦਾ ਆਧਾਰ ਕੋਈ ਵਿਸ਼ੇਸ਼ ਵਿਚਾਰਧਾਰਾ ਅਤੇ ਕੁਝ ਵਿਸ਼ੇਸ਼ ਕਦਰਾਂ-ਕੀਮਤਾਂ ਹੁੰਦੀਆਂ ਹਨ ਜਿਹਨਾਂ ਦਾ ਪ੍ਰਗਟਾਵਾ ਰਾਜਨੀਤਿਕ ਪ੍ਰਣਾਲੀ ਸੰਕੇਤਾਂ ਦੇ ਪ੍ਰਦਰਸ਼ਨ ਰਾਹੀਂ ਕਰਦੀ ਹੈ।

ਪ੍ਰਸ਼ਨ 5:- ਨਿਵੇਸ਼ ਸਮਰਥਨ ਤੋਂ ਤੁਹਾਡਾ ਕੀ ਭਾਵ ਹੈ?

ਉੱਤਰ:- ਡੇਵਿਡ ਈਸਟਨ ਦਾ ਮੱਤ ਹੈ ਕਿ ਰਾਜਨੀਤਿਕ ਪ੍ਰਣਾਲੀ ਨੂੰ ਚਲਾਈ ਰੱਖਣ ਲਈ ਕੇਵਲ ਮੰਗਾਂ ਦੇ ਰੂਪ ਵਿੱਚ ਨਿਵੇਸ਼ ਪ੍ਰਦਾਨ ਕਰਨਾ ਹੀ ਕਾਫ਼ੀ ਨਹੀਂ ਹੈ, ਸਗੋ ਸਮਰਥਨ ਦੇ ਰੂਪ ਵਿੱਚ ਨਿਵੇਸ਼ ਪ੍ਰਦਾਨ ਕਰਨਾ ਵੀ ਜ਼ਰੂਰੀ ਹੈ ਅਤੇ ਇਹ ਚਾਰ ਪ੍ਰਕਾਰ ਦੇ ਹੋ ਸਕਦੇ ਹਨ:-

I. **ਭੌਤਿਕ ਸਮਰਥਨ:-** ਕਰਾਂ ਦੀ ਅਦਾਇਗੀ, ਜਨਤਕ ਕਾਰਜਾਂ ਲਈ ਕਿਰਤ ਕਰਨੀ, ਸੁਰੱਖਿਆਂ ਸੇਵਾਵਾਂ ਵਿੱਚ ਭਰਤੀ ਹੋਣਾ ਆਦਿ ਭੌਤਿਕ ਸਮਰਥਨ ਹੈ।

II. **ਆਗਿਆ ਪਾਲਣ ਸਮਰਥਨ:-** ਰਾਜਨੀਤਿਕ ਪ੍ਰਣਾਲੀ ਜਨਤਕ ਜੀਵਨ ਨੂੰ ਨਿਯਮਬੱਧ ਕਰਨ ਲਈ ਕਾਨੂੰਨ ਬਣਾਉਂਦੀ ਹੈ ਜਿਹਨਾਂ ਦੀ ਪਾਲਣਾ ਨੂੰ ਆਗਿਆ ਪਾਲਣ ਸਮਰਥਨ ਕਿਹਾ ਜਾਂਦਾ ਹੈ।

III. **ਸਹਿਭਾਗੀ ਸਮਰਥਨ:-** ਸਹਿਭਾਗੀ ਸਮਰਥਨ ਵਿੱਚ ਡੇਵਿਡ ਈਸਟਨ ਵੋਟ ਪਾਉਣ ਅਤੇ ਦੂਜੀਆਂ ਰਾਜਨੀਤਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਨੂੰ ਸ਼ਾਮਲ ਕਰਦਾ ਹੈ।

IV. **ਧਿਆਨ ਦਿਉ ਸਮਰਥਨ:-** ਹਰ ਕਿਸਮ ਦੀ ਸਰਕਾਰੀ ਸੂਚਨਾ ਵਲ ਧਿਆਨ ਦੇਣਾ, ਜਨਤੱਕ ਸੱਤਾ, ਚਿੰਨਾਂ ਅਤੇ ਰਸਮੀ ਸਮਾਰੋਹਾਂ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕਰਨਾ ਆਦਿ ਨੂੰ ਧਿਆਨ ਦਿਉ ਸਮਰਥਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

## ਉਦਾਰਵਾਦ

ਪ੍ਰਸ਼ਨ 1: ਉਦਾਰਵਾਦ ਤੋਂ ਤੁਹਾਡਾ ਕੀ ਭਾਵ ਹੈ ?

ਉੱਤਰ- ਉਦਾਰਵਾਦ ਇਕ ਫਲਸਫ਼ਾ ਹੈ ਜੋ ਵਿਅਕਤੀ ਦੀ ਸੁਤੰਤਰਤਾ, ਲੋਕਤੰਤਰੀ ਸੰਸਥਾਵਾਂ ਅਤੇ ਸੁਤੰਤਰ ਵਪਾਰ ਦੀ ਪ੍ਰੋੜਤਾ ਕਰਦਾ ਹੈ। ਉਦਾਰਵਾਦ ਅਜਿਹੀ ਸਮਾਜਿਕ, ਆਰਥਿਕ, ਅਤੇ ਰਾਜਨੀਤਿਕ ਵਿਵਸਥਾ ਨੂੰ ਕਾਇਮ ਕਰਨਾ ਚਾਹੁੰਦਾ ਹੈ, ਜਿਸ ਵਿਚ ਵਿਅਕਤੀ ਦੀ ਸੁਤੰਤਰਤਾ ਨੂੰ ਸੁਰੱਖਿਅਤ ਰੱਖਿਆ ਜਾ ਸਕੇ ਅਤੇ ਉਹ ਬਿਨਾਂ ਕਿਸੇ ਬਾਹਰਲੀ ਦਖ਼ਲ ਅੰਦਾਜੀ ਦੇ ਆਪਣੇ ਜੀਵਨ ਦਾ ਵਿਕਾਸ ਕਰ ਸਕੇ। ਉਦਾਰਵਾਦ ਇਕ ਅਜਿਹੀ ਵਿਚਾਰਧਾਰਾ ਹੈ, ਜਿਸ ਦੇ ਸਿਧਾਂਤਾਂ ਨੂੰ ਪੱਕੇ ਤੌਰ ਤੇ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਇਸ ਲਈ ਉਦਾਰਵਾਦ ਨੂੰ ਨਿਸਚਿਤ ਸੀਮਾਵਾਂ ਵਿਚ ਬੰਨ੍ਹਣਾ ਮੁਸ਼ਕਲ ਹੈ ਕਿਉਂਕਿ ਇਸ ਵਿਚਾਰਧਾਰਾ ਵਿਚ ਸਮੇਂ-ਸਮੇਂ 'ਤੇ ਕੁਝ ਨਾ ਕੁਝ ਵਾਧਾ ਹੋ ਰਿਹਾ ਹੈ।

ਪ੍ਰਸ਼ਨ 2 : ਉਦਾਰਵਾਦ ਦੇ ਸ਼ਬਦੀ ਅਰਥ ਦੀ ਵਿਆਖਿਆ ਕਰੋ।

ਉੱਤਰ -- ਉਦਾਰਵਾਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਲਿਬਰਲਿਜ਼ਮ (Liberalism) ਦਾ ਪੰਜਾਬੀ ਅਨੁਵਾਦ ਹੈ। ਲਿਬਰਲਿਜ਼ਮ ਸ਼ਬਦ ਵੀ ਉਤਪੱਤੀ ਲਾਤੀਨੀ ਭਾਸ਼ਾ ਦੇ ਸ਼ਬਦ 'ਲਿਬਰੇਲਿਸ' (Liberalis) ਤੋਂ ਹੋਈ ਹੈ। 'ਲਿਬਰਲਿਸ' ਦਾ ਅਰਥ 'ਸੁਤੰਤਰ ਵਿਅਕਤੀ' ਹੈ। ਉਦਾਰਵਾਦ ਦੇ ਸ਼ਬਦੀ ਅਰਥਾਂ 'ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਦਾਰਵਾਦ ਦਾ ਮੁੱਖ ਕੇਂਦਰ-ਬਿੰਦੂ ਸੁਤੰਤਰ ਵਿਅਕਤੀ ਹੈ। ਇਹ ਵਿਚਰਧਾਰਾ ਵਿਅਕਤੀ ਨੂੰ ਵੱਧ ਤੋਂ ਵੱਧ ਸੁਤੰਤਰਤਾ ਦੇਣ ਦੇ ਪੱਖ ਵਿੱਚ ਹੈ। ਉਦਾਰਵਾਦੀ ਵਿਚਾਰਧਾਰਾ ਵਿਅਕਤੀ ਦੀ ਸੁਤੰਤਰਤਾ ਦੇ ਹੀ ਇਰਦ-ਗਿਰਦ ਘੁੰਮਦੀ ਰਹਿੰਦੀ ਹੈ। ਇਹ ਸਿਧਾਂਤ ਵਿਅਕਤੀ ਦੀ ਅਜਾਦੀ ਨੂੰ ਸਭ ਤੋਂ ਉੱਪਰ ਰਖਦਾ ਹੈ। ਮਨੁੱਖੀ ਅਜਾਦੀ ਦੇ ਰਾਹ ਵਿੱਚ ਕੋਈ ਵੀ ਰੁਕਾਵਟ ਇਸ ਸਿਧਾਂਤ ਨੂੰ ਮਨਜ਼ੂਰ ਨਹੀਂ ਹੈ।

ਪ੍ਰਸ਼ਨ 3. ਉਦਾਰਵਾਦ ਦੀ ਪਰਿਭਾਸ਼ਾ ਦਿਓ।

ਉਤਰ - ਉਦਾਰਵਾਦ ਦੀਆਂ ਪਰਿਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ-

(ੳ) ਏ. ਪੀ. ਗਰੀਮਜ਼ ਦੇ ਵਿਚਾਰ ਅਨੁਸਾਰ, "ਉਦਾਰਵਾਦ ਦਾ ਭਾਵ ਇਕ ਦ੍ਰਿਸ਼ਟੀਕੋਣ ਹੈ ਜਿਹੜਾ ਕਿ ਉਹਨਾਂ ਸਮਾਜਿਕ ਅਵਸਥਾਵਾਂ ਨੂੰ ਸੰਭਵ ਬਣਾਉਣ ਦਾ ਯਤਨ ਕਰਦਾ ਹੈ, ਜਿਨ੍ਹਾਂ ਵਿਚ ਸਾਰਿਆਂ ਵਿਅਕਤੀਆਂ ਦੀ ਸ਼ਖ਼ਸੀਅਤ ਨੂੰ ਸਭ ਤੋਂ ਵਧੀਆ ਢੰਗ ਨਾਲ ਪ੍ਰਾਪਤ ਕੀਤਾ ਜਾ ਸਕੇ।"

(2) ਵਿਲੀਅਮ ਮੈਕਗਵਰਨ ਦੇ ਵਿਚਾਰ ਅਨੁਸਾਰ, "ਉਦਾਰਵਾਦ ਇਕ ਰਾਜਨੀਤਿਕ ਸਿਧਾਂਤ ਦੇ ਤੌਰ ਤੇ ਦੋ ਵੱਖ ਤੱਤਾਂ ਦਾ ਮਿਸ਼ਰਣ ਹੈ। ਉਹਨਾਂ ਵਿਚੋਂ ਇਕ ਤੱਤ ਲੋਕਤੰਤਰ ਅਤੇ ਦੂਜਾ ਤੱਤ ਵਿਅਕਤੀਵਾਦ ਦਾ ਹੈ।"

(3) ਸਾਰਟੋਰੀ ਅਨੁਸਾਰ, "ਸਧਾਰਨ ਰੂਪ ਵਿੱਚ ਉਦਾਰਵਾਦ ਵਿਅਕਤੀਗਤ ਸੁਤੰਤਰਤਾ, ਨਿਆਂਇਕ ਸੁਰੱਖਿਆ ਅਤੇ ਸੰਵਿਧਾਨਕ ਰਾਜ ਦਾ ਸਿਧਾਂਤ ਅਤੇ ਵਿਵਹਾਰ ਹੈ।"

(4) ਜੇ.ਐੱਚ. ਹੈਲੋਵੈਲ ਦੇ ਅਨੁਸਾਰ, "ਉਦਾਵਰਾਦ ਜੀਵਨ ਦੇ ਹਰ ਇਕ ਖੇਤਰ ਭਾਵ ਬੌਧਿਕ, ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਖੇਤਰ ਵਿੱਚ ਅਜਾਦੀ ਦੀ ਮੰਗ ਦਾ ਪ੍ਰਤੀਕ ਹੈ।"

ਪ੍ਰਸ਼ਨ 4. ਉਦਾਰਵਾਦ ਦੇ ਮੁੱਖ ਰੂਪ ਲਿਖੋ ।

ਉੱਤਰ- ਉਦਾਰਵਾਦ ਦੇ ਦੋ ਮੁੱਖ ਰੂਪ ਹਨ-

(i) ਪਰੰਪਰਾਵਾਦੀ ਜਾਂ ਨਕਾਰਾਤਮਕ ਉਦਾਰਵਾਦ ਅਤੇ (ii) ਆਧੁਨਿਕ ਜਾਂ ਸਕਾਰਾਤਮਕ ਉਦਾਵਰਾਦ।(i) ਪਰੰਪਰਾਵਾਦੀ ਉਦਾਰਵਾਦ ਅਸਲ ਵਿਚ 'ਵਿਅਕਤੀਵਾਦ' ਦਾ ਹੀ ਦੂਜਾ ਨਾਮ ਹੈ। ਪਰੰਪਰਾਵਾਦੀ ਉਦਾਰਵਾਦ ਦਾ ਮੁੱਖ ਆਧਾਰ ਰਾਜ ਦੀ ਦਖ਼ਲ ਨਾ ਦੇਣ ਦੀ ਨੀਤੀ (Laissez faire) ਹੈ। ਪਰੰਪਰਾਵਾਦੀ ਉਦਾਰਵਾਦੀ ਵਿਅਕਤੀ ਦੀ ਅਜਿਹੀ ਸੁਤੰਤਰਤਾ ਦੇ ਸਮਰਥਕ ਹਨ ਜਿਸ 'ਤੇ ਘੱਟ ਤੋਂ ਘੱਟ ਬੰਦਸ਼ਾਂ ਹੋਣ।

(4) ਆਧੁਨਿਕ ਉਦਾਰਵਾਦ ਸਰਕਾਰ ਦੀ ਦਖਲ ਅੰਦਾਜ਼ੀ ਨੂੰ ਸੁਤੰਤਰਤਾ ਲਈ ਕੋਈ ਖ਼ਤਰਾ ਮਹਿਸੂਸ ਨਹੀਂ ਕਰਦਾ, ਸਗੋਂ ਸਰਕਾਰ ਸੁਤੰਤਰਤਾ ਨੂੰ ਯਕੀਨੀ ਬਣਾਉਣ ਲਈ ਉਚਿਤ ਅਵਸਥਾਵਾਂ ਦਾ ਪ੍ਰਬੰਧ ਕਰਦੀ ਹੈ। ਆਧੁਨਿਕ ਉਦਾਰਵਾਦ ਅਜਿਹੀ ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਚਾਹੁੰਦਾ ਹੈ ਜੋ ਕਿ ਸਭ ਪ੍ਰਕਾਰ ਦੇ ਅੱਤਿਆਚਾਰਾਂ ਅਤੇ ਸ਼ੋਸ਼ਣ ਤੋਂ ਮੁਕਤ ਹੋਵੇ।

ਪ੍ਰਸ਼ਨ 5. ਪਰੰਪਰਾਗਤ ਉਦਾਰਵਾਦ ਕਿਸ ਨੂੰ ਕਹਿੰਦੇ ਹਨ ?

ਉੱਤਰ- ਪਰੰਪਰਾਵਾਦੀ ਉਦਾਰਵਾਦੀਆਂ ਨੇ ਰਾਜ ਦੇ ਸੀਮਿਤ ਅਤੇ ਨਿਖੇਧਾਤਮਕ ਕੰਮਾਂ ਦਾ ਸਮਰਥਨ ਕੀਤਾ ਹੈ। ਪਰੰਪਰਾਵਾਦੀ ਉਦਾਰਵਾਦ ਦਾ ਮੁੱਖ ਆਧਾਰ ਰਾਜ ਦੀ ਦਖ਼ਲ ਨਾ ਦੇਣ ਦੀ ਨੀਤੀ ਜਾਂ ਵਿਅਕਤੀ ਨੂੰ ਇਕੱਲਾ ਛੱਡ ਦਿਓ ਦੀ ਨੀਤੀ ਹੈ। ਇਸ ਤੋਂ ਭਾਵ ਜਿੱਥੋਂ ਤਕ ਸੰਭਵ ਹੋ ਸਕੇ, ਰਾਜ ਨੂੰ ਮਨੁੱਖ ਦੀ ਜ਼ਿੰਦਗੀ ਵਿੱਚ ਘੱਟ ਤੋਂ ਘੱਟ ਦਖ਼ਲ ਦੇਣਾ ਚਾਹੀਦਾ ਹੈ, ਤਾਂ ਕਿ ਵਿਅਕਤੀ ਸਮਾਜ ਵਿਚ ਰਹਿੰਦਾ ਹੋਇਆ ਵੱਧ ਤੋਂ ਵੱਧ ਸੁਤੰਤਰਤਾ ਦਾ ਅਨੰਦ ਮਾਣ ਸਕੇ। ਪਰੰਪਰਾਵਾਦੀ ਉਦਾਰਵਾਦੀ ਵਿਅਕਤੀ ਦੀ ਸੁਤੰਤਰਤਾ ਅਤੇ ਰਾਜ ਸ਼ਕਤੀ ਨੂੰ ਆਪਸ ਵਿੱਚ ਵਿਰੋਧੀ ਸਮਝਦੇ ਹਨ। ਸੁਤੰਤਰਤਾ ਅਤੇ ਰਾਜ ਦੀ ਸ਼ਕਤੀ ਨਾਲ-ਨਾਲ ਨਹੀਂ ਚੱਲ ਸਕਦੇ। ਉਹ ਵਿਅਕਤੀ ਦੀ ਅਜਿਹੀ ਸੁਤੰਤਰਤਾ ਦੇ ਸਮਰਥਕ ਸਨ, ਜਿਸ 'ਤੇ ਘੱਟ ਤੋਂ ਘੱਟ ਬੰਦਸ਼ਾਂ ਹੋਣ।

ਪ੍ਰਸ਼ਨ 6. ਸਮਕਾਲੀ ਉਦਾਰਵਾਦ ਨੂੰ ਸਕਾਰਾਤਮਕ ਉਦਾਰਵਾਦ ਕਿਉਂ ਕਿਹਾ ਜਾਂਦਾ ਹੈ ?

ਉੱਤਰ-- ਸਮਕਾਲੀ ਜਾਂ ਆਧੁਨਿਕ ਉਦਾਰਵਾਦ ਸਰਕਾਰ ਦੀ ਦਖ਼ਲ ਅੰਦਾਜ਼ੀ ਨੂੰ ਵਿਅਕਤੀ ਦੀ ਸੁਤੰਤਰਤਾ ਲਈ ਕੋਈ ਖ਼ਤਰਾ ਮਹਿਸੂਸ ਨਹੀਂ ਕਰਦਾ। ਆਧੁਨਿਕ ਉਦਾਰਵਾਦ ਕਈ ਵਿਚਾਰਧਾਰਾਵਾਂ ਦਾ ਮਿਸ਼ਰਣ ਹੈ। ਇਸ ਲਈ ਆਧੁਨਿਕ ਉਦਾਰਵਾਦ ਇਕੱਲਾ ਸਿਧਾਂਤ ਨਹੀਂ ਹੈ, ਬਲਕਿ ਇਹ ਲਗਾਤਾਰ ਵਿਕਸਿਤ ਹੋ ਰਹੀ ਰਾਜਨੀਤਿਕ ਅਤੇ ਸਮਾਜਿਕ ਵਿਵਸਥਾ ਹੈ, ਜਿਹੜੀ ਕਿਸੇ ਵਿਸ਼ੇਸ਼ ਦਮਨਕਾਰੀ ਸੰਸਥਾ ਜਾਂ ਸ਼ਕਤੀ ਦੇ ਵਿਰੁੱਧ ਵਿਸ਼ੇਸ਼ ਸੰਘਰਸ਼ ਕਰਨ ਦੀ ਮੁੜ ਪੁਸ਼ਟੀ ਕਰਦੀ ਹੈ। ਆਧੁਨਿਕ ਉਦਾਰਵਾਦ ਅਜਿਹੀ ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਚਾਹੁੰਦਾ ਹੈ ਜੋ ਕਿ ਸਭ ਪ੍ਰਕਾਰ ਦੇ ਅੱਤਿਆਚਾਰਾਂ ਅਤੇ ਸ਼ੋਸ਼ਣ ਤੋਂ ਮੁਕਤ ਹੋਵੇ।

ਪ੍ਰਸ਼ਨ:  ਉਦਾਰਵਾਦ ਦੇ ਕੋਈ ਚਾਰ ਮੌਲਿਕ ਸਿਧਾਂਤ ਜਾਂ ਵਿਸ਼ੇਸ਼ਤਾਵਾਂ ਲਿਖੋ।

ਉੱਤਰ:- ਉਦਾਰਵਾਦ ਦੇ ਚਾਰ ਮੌਲਿਕ ਸਿਧਾਂਤ ਹੇਠ ਲਿਖੇ ਹਨ-

(i) ਵਿਅਕਤੀ ਇਕ ਉਦੇਸ਼ ਹੈ, ਰਾਜ ਇਕ ਸਾਧਨ ਹੈ- ਆਧੁਨਿਕ ਉਦਾਰਵਾਦ ਵਿਅਕਤੀ ਨੂੰ ਆਪਣੇ-ਆਪ ਵਿਚ ਇਕ ਉਦੇਸ਼ ਹੈ ਅਤੇ ਰਾਜ ਨੂੰ ਵਿਅਕਤੀ ਦੀ ਭਲਾਈ ਦਾ ਇਕ ਸਾਧਨ ਮੰਨਦਾ ਹੈ।

(ii) ਵਿਅਕਤੀ ਦੀ ਸੁਤੰਤਰਤਾ-ਉਦਾਰਵਾਦ ਵਿਅਕਤੀ ਦੀ ਸੁਤੰਤਰਤਾ ਦ ਸਮਰਥਨ ਕਰਦਾ ਹੈ।

(iii) ਸੀਮਿਤ ਅਤੇ ਸੰਵਿਧਾਨਕ ਸਰਕਰ ਵਿੱਚ ਵਿਸ਼ਵਾਸ- ਆਧੁਨਿਕ ਲੋਕਤੰਤਰ ਸੀਮਿਤ ਅਤੇ ਸੰਵਿਧਾਨਕ ਸਰਕਾਰ ਵਿੱਚ ਵਿਸ਼ਵਾਸ ਰਖਦਾ ਹੈ।

(iv) ਲੋਕਤੰਤਰ ਵਿੱਚ ਵਿਸ਼ਵਾਸ- ਉਦਾਰਵਾਦ ਦਾ ਲੋਕਤੰਤਰ ਵਿੱਚ ਏਨਾ ਵਿਸ਼ਵਾਸ ਹੈ ਕਿ ਇਸ ਨੂੰ ਲੋਕਤੰਤਰ ਦਾ ਸਮਾਨਾਰਥਕ ਹੀ ਮੰਨਿਆ ਜਾ ਸਕਦਾ ਹੈ।

ਪ੍ਰੰਪਰਾਵਾਦੀ ਉਦਾਰਵਾਦ ਅਤੇ ਸਮਕਾਲੀ ਉਦਾਰਵਾਦ ਵਿੱਚ ਕੋਈ ਚਾਰ ਅੰਤਰ ਲਿਖੋ।

ਉੱਤਰ- ਪਰੰਪਰਾਵਾਦੀ ਅਤੇ ਸਮਕਾਲੀ ਉਦਾਰਵਾਦ ਵਿੱਚ ਚਾਰ ਅੰਤਰ ਹੇਠ ਲਿਖੇ ਹਨ-

(i) ਰਾਜ ਦੇ ਕੰਮਾਂ ਸਬੰਧੀ ਅੰਤਰ-ਪੁਰਾਤਨ ਉਦਾਰਵਾਦ ਰਾਜ ਨੂੰ ਸੀਮਿਤ ਕੰਮ ਸੌਂਪਣ ਦੇ ਪੱਖ ਵਿੱਚ ਹੈ ਜਦੋਂ ਕਿ ਸਮਕਾਲੀ ਉਦਾਰਵਾਦ ਰਾਜ ਨੂੰ ਵੱਧ ਤੋਂ ਵੱਧ ਕਲਿਆਣਕਾਰੀ ਕੰਮ ਸੌਂਪਣ ਦੇ ਪੱਖ ਵਿੱਚ ਹੈ।

(ii) ਆਰਥਿਕ ਖੇਤਰ ਸਬੰਧੀ- ਪੁਰਾਤਨ ਉਦਾਰਵਾਦ ਆਰਥਿਕ ਖੇਤਰ ਰਾਜ ਦੀ ਗੈਰ-ਦਖ਼ਲੀ ਦੀ ਨੀਤੀ ਦਾ ਸਮਰਥਨ ਕਰਦਾ ਹੈ ਜਦੋਂ ਕਿ ਸਮਕਾਲੀ ਉਦਾਰਵਾਦ ਆਰਥਿਕ ਖੇਤਰ ਨੂੰ ਰਾਜ ਦੁਆਰਾ ਨਿਯਮਿਤ ਕਰਨ ਦੇ ਪੱਖ ਵਿੱਚ ਹੈ।

(iii)ਸੁਤੰਤਰਤਾ ਸਬੰਧੀ ਵਿਚਾਰਾਂ ਵਿੱਚ ਅੰਤਰ- ਪੁਰਾਤਨ ਉਦਾਰਵਾਦ ਵਿਅਕਤੀ ਨੂੰ ਪੂਰਨ ਸੁਤੰਤਰਤਾ ਦੇਣ ਦੇ ਪੱਖ ਵਿੱਚ ਹੈ ਜਦੋਂ ਕਿ ਆਧੁਨਿਕ ਉਦਾਰਵਾਦ ਵਿਅਕਤੀ ਨੂੰ ਸੀਮਿਤ ਸੁਤੰਤਰਤਾ ਪ੍ਰਦਾਨ ਕਰਨ ਦੇ ਪੱਖ ਵਿੱਚ ਹੈ।

(iv)ਅਧਿਕਾਰਾਂ ਸਬੰਧੀ ਵਿਚਾਰਾਂ ਵਿੱਚ ਅੰਤਰ- ਪੁਰਾਤਨ ਉਦਾਰਵਾਦ ਕੁਦਰਤੀ ਅਧਿਕਾਰਾਂ ਦਾ ਸਮਰਥਕ ਹੈ ਜਦੋਂ ਕਿ ਆਧੁਨਿਕ ਉਦਾਰਵਾਦ ਅਧਿਕਾਰਾਂ ਨੂੰ ਰਾਜ ਦੀ ਦੇਣ ਮੰਨਦਾ ਹੈ।

## ਮਾਰਕਸਵਾਦ

( 4 ਅੰਕਾ ਵਾਲੇ ਪ੍ਰਸ਼ਨ/ਉੱਤਰ)

**ਪ੍ਰਸ਼ਨ 1: ਕਾਰਲ ਮਾਰਕਸ ਕੌਣ ਸੀ?**

ਉੱਤਰ: ਕਾਰਲ ਮਾਰਕਸ 19ਵੀਂ ਸਦੀ ਦਾ ਇੱਕ ਮਹਾਨ ਜਰਮਨ ਦਾਰਸ਼ਨਿਕ ਸੀ।ਉਸਦਾ ਜਨਮ 5 ਮਈ 1818 ਨੂੰ ਜਰਮਨੀ ਦੇਸ਼ ਵਿੱਚ ਇੱਕ ਯਹੂਦੀ ਪਰਿਵਾਰ ਵਿੱਚ ਹੋਇਆ ਸੀ।ਉਸ ਦੇ ਕ੍ਰਾਂਤੀਕਾਰੀ ਵਿਚਾਰਾਂ ਕਾਰਨ ਫਰਾਂਸ,ਜਰਮਨੀ ਆਦਿ ਦੇਸ਼ਾਂ ਦੀਆ ਸਰਕਾਰਾ ਨੇ ਉਸ ਨੂੰ ਆਪਣੇ ਦੇਸ਼ਾਂ ਵਿੱਚ ਨਾ ਰਹਿਣ ਦਿੱਤਾ।ਅੰਤ ਵਿੱਚ ਮਾਰਕਸ ਇੰਗਲੈਂਡ ਵਿਖੇ ਆ ਗਿਆ ਜਿਥੇ ਉਸਨੇ ਆਪਣੇ ਮਹਾਨ ਵਿਚਾਰਾ ਨੂੰ ਲਿਖਤੀ ਰੂਪ ਦਿੱਤਾ।ਉਸਨੇ ਆਪਣੀਆਂ ਮਹਾਨ ਲਿਖਤਾਂ ਦੁਆਰਾ ਵਿਸ਼ਵ ਨੂੰ ਇੱਕ ਅਜਿਹੀ ਵਿਚਾਰ ਧਾਰਾ ਦਿੱਤੀ ਜਿਸ ਨੂੰ ਵਿਗਿਆਨਿਕ ਸਮਾਜਵਾਦ ਜਾਂ ਸਮਾਜਵਾਦ ਕਿਹਾ ਜਾਂਦਾ ਹੈ।1883ਈ ਵਿੱਚ ਇਹ ਮਹਾਨ ਦਾਰਸ਼ਨਿਕ ਆਪਨੇ ਪਿੱਛੇ ਆਪਣੀ ਵਿਚਾਰ ਧਾਰਾ ਦਾ ਵਿਰਸਾ ਛੱਡ ਕੇ ਇਸ ਸੰਸਾਰ ਤੋ ਚਲਾਣਾ ਕਰ ਗਿਆ।

**ਪ੍ਰਸ਼ਨ 2: ਕਾਰਲ ਮਾਰਕਸ ਦੀਆਂ ਪ੍ਰਸਿੱਧ ਰਚਨਾਵਾਂ ਦੇ ਨਾਮ ਲਿਖੋ?**

ਉੱਤਰ: 1. ਦਾਸ ਕੈਪੀਟਲ।

2. ਕਮਿਊਨਿਸਟ ਮੈਨੀਫੇਸਟੋ।

3. ਰਾਜਨੀਤਿਕ ਅਰਥ ਵਿਵਸਥਾ ਦੀ ਸਮੀਖਿਆ।

4. ਮੁੱਲ,ਕੀਮਤ ਅਤੇ ਲਾਭ।

**ਪ੍ਰਸ਼ਨ 3: ਕਾਰਲ ਮਾਰਕਸ ਦਾ ਵਾਧੂ ਮੁੱਲ ਦਾ ਸਿਧਾਂਤ ਕੀ ਹੈ?**

ਉੱਤਰ: ਕਾਰਲ ਮਾਰਕਸ ਦਾ ਵਿਚਾਰ ਹੈ ਕਿ ਕਿਸੇ ਵੀ ਵਸਤੂ ਦਾ ਮੁੱਲ ਉਸ ਉਤੇ ਖਰਚ ਕੀਤੀ ਗਈ ਕਿਰਤ ਅਨੁਸਾਰ ਹੀ ਨਿਸਚਿਤ ਹੁੰਦਾ ਹੈ।ਪਰ ਮਾਰਕਸ ਦਾ ਵਿਚਾਰ ਹੈ ਕਿ ਜਿਨਾ ਵਸਤੂਆਂ ਦਾ ਉਤਪਾਦਨ ਕਿਰਤੀ ਦੀ ਮਿਹਨਤ ਨਾਲ ਕੀਤਾ ਜਾਂਦਾ ਹੈ ਉਹਨਾਂ ਵਸਤੂਆਂ ਸਬੰਧੀ ਕਿਰਤੀਆਂ ਨੂੰ ਉਹਨਾਂ ਦੀ ਮਿਹਨਤ ਦਾ ਪੂਰਾ ਵੇਤਨ ਨਹੀ ਦਿੱਤਾ ਜਾਂਦਾ।ਪੂੰਜੀਪਤੀ ਜੋ ਉਤਪਾਦਨ ਦੇ ਸਾਧਨਾਂ ਦੇ ਮਾਲਕ ਹੁੰਦ ਹਨ, ਉਹ ਉਹਨਾਂ ਵਸਤੂਆਂ ਸਬੰਧੀ ਵੱਧ ਤੋਂ ਵੱਧ ਮੁੱਲ ਪ੍ਰਾਪਤ ਕਰਕੇ ਨਿੱਜੀ ਲਾਭ ਕਮਾਉਦੇ ਹਨ।ਇਸ ਤਰ੍ਹਾਂ ਉਸ ਵਸਤੂ ਸਬੰਧੀ ਜੋ ਵੇਤਨ ਮਜਦੂਰ ਨੂੰ ਦਿੱਤਾ ਜਾਂਦਾ ਹੈ ਅਤੇ ਉਸ ਵਸਤੂ ਦਾ ਜੋ ਮੁੱਲ ਪੂੰਜੀਪਤੀ ਪ੍ਰਾਪਤ ਕਰਦਾ ਹੈ, ਇਹਨਾਂ ਦੋਨਾਂ ਵਿੱਚ ਬਹੁਤ ਵੱਡਾ ਅੰਤਰ ਹੁੰਦਾ ਹੈ। ਇਸ ਅੰਤਰ ਨੂੰ ਹੀ ਮਾਰਕਸ ਨੇ ਵਾਧੂ ਮੁੱਲ ਦਾ ਨਾਂ ਦਿੱਤਾ ਹੈ।ਇਹ ਵਾਧੂ ਮੁੱਲ ਉਦਯੋਗਪਤੀ ਆਪਣੇ ਪਾਸ ਰੱਖਦੇ ਹਨ ਅਤੇ ਇਸ ਤਰ੍ਹਾਂ ਉਹ ਕਿਰਤੀਆਂ ਦਾ ਸ਼ੋਸ਼ਣ ਕਰਦੇ ਹਨ।

**ਪ੍ਰਸ਼ਨ 4: ਧਰਮ ਸਬੰਧੀ ਮਾਰਕਸ ਦੇ ਕੀ ਵਿਚਾਰ ਸਨ?**

ਉੱਤਰ: ਕਾਰਲ ਮਾਰਕਸ ਨੇ ਧਰਮ ਨੂੰ ਲੋਕਾਂ ਲਈ ਅਫੀਮ ਦੱਸਿਆ ਸੀ।ਉਸਦਾ ਮਤ ਇਹ ਸੀ ਕਿ ਧਰਮ ਮਨੁੱਖ ਨੂੰ ਭਾਗਵਾਦੀ ਬਣਾਉਦਾ ਹੈ ਅਤੇ ਪੂੰਜੀਪਤੀ ਵਰਗ ਕਿਰਤੀਆਂ ਦਾ ਧਰਮ ਦੇ ਨਾਂ ਤੇ ਸ਼ੋਸ਼ਣ ਕਰਦਾ ਹੈ।ਧਰਮ ਦੇ ਨਾਂ ਉੱਤੇ ਕਿਰਤੀਆਂ ਨੂੰ ਇਹ ਵਿਸ਼ਵਾਸ ਕਰਵਾਇਆ ਜਾਂਦਾ ਹੈ ਕਿ ਉਹਨਾਂ ਦੀ ਸਥਿਤੀ ਜਾਂ ਦਸ਼ਾ ਉਹਨਾਂ ਦੇ ਪਿਛਲੇ ਕਰਮਾਂ ਕਾਰਨ ਹੀ ਹੈ।ਇਸ ਤਰ੍ਹਾਂ ਧਰਮ ਲੋਕਾਂ ਵਿੱਚ ਵਿਗਿਆਨਿਕ ਦ੍ਰਿਸ਼ਟੀਕੋਣ ਉਤਪਨ ਨਹੀ ਹੋਣ ਦਿੰਦਾ ਅਤੇ ਅਫੀਮ ਦੇ ਨਸ਼ੇ ਦੀ ਤਰ੍ਹਾਂ ਲੋਕਾਂ ਨੂੰ ਭਾਗਵਾਦੀ ਤੇ ਕਿਰਿਆਹੀਣ ਬਣਾ ਦਿੰਦਾ ਹੈ।

## Mahatma Gandhi

**ਪ੍ਰਸ਼ਨ 1**- ਸੱਤਿਆਗ੍ਰਹਿ ਤੋਂ ਕੀ ਭਾਵ ਹੈ ? ਚਾਰ ਵਿਧੀਆਂ ਦੇ ਨਾਂ ਲਿਖੋ|

**ਉੱਤਰ-** ਸੱਤਿਆਗ੍ਰਹਿ ਦਾ ਸ਼ਬਦੀ ਅਰਥ ਹੈ ਸੱਚ ਤੇ ਡਟੇ ਰਹਿਣਾ। ਇੱਕ ਸੱਚਾ ਸਤਿਆਗ੍ਰਹੀ ਬੁਰਾਈ ਦਾ ਵਿਰੋਧ ਪਿਆਰ ਦੁਆਰਾ ਕਰਦਾ ਹੈ। ਉਹ ਆਪਣੇ ਵਿਰੋਧੀ ਨੂੰ ਨਹੀਂ ਸਗੋਂ ਆਪਣੇ ਆਪ ਨੂੰ ਕਸ਼ਟ ਦਿੰਦਾ ਹੈ ਅਤੇ ਇਸ ਤਰ੍ਹਾਂ ਆਪਣੇ ਵਿਰੋਧੀਆਂ ਦੀ ਅੰਤਹੀਣ ਭਾਵਨਾ ਨੂੰ ਪ੍ਰੇਰਤ ਕਰਨ ਦਾ ਯਤਨ ਕਰਦਾ ਹੈ। ਗਾਂਧੀ ਜੀ ਦੇ ਵਿਚਾਰ ਵਿੱਚ ਇਹ ਬਹਾਦਰ ਅਤੇ ਮਜਬੂਤ ਵਿਅਕਤੀਆਂ ਦਾ ਹਥਿਆਰ ਹੈ। ਸੱਤਿਆਗ੍ਰਹਿ ਦੀਆਂ ਵਿਧੀਆਂ ਅਸਹਿਯੋਗ ਹੜਤਾਲ,ਧਰਨੇ ਦੇਣਾ, ਸਮਾਜਿਕ ਬਾਈਕਾਟ, ਸਿਵਲ ਨਾਫਰਮਾਨੀ, ਵਰਤ ਰੱਖਣਾ ਅਤੇ ਹਿਜਰਤ ਕਰਨਾ ਆਦਿ ਹਨ|

**ਪ੍ਰਸ਼ਨ 2**- ਮਹਾਤਮਾ ਗਾਂਧੀ ਦੇ ਆਦਰਸ਼ ਰਾਜ ਦੀ ਵਿਆਖਿਆ ਕਰੋ?

**ਉੱਤਰ-** ਗਾਂਧੀ ਜੀ ਮੌਜੂਦਾ ਸ਼ਕਤੀ ਤੇ ਆਧਾਰਤ ਰਾਜ ਦੇ ਹੱਕ ਵਿੱਚ ਨਹੀਂ ਸਨ। ਜਿਸ ਕਾਰਨ ਉਹ ਇਸ ਰਾਜ ਨੂੰ ਖਤਮ ਕਰਕੇ ਆਦਰਸ਼ ਸਮਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਅਜਿਹਾ ਸਮਾਜ ਅਹਿੰਸਾ ਉੱਤੇ ਅਧਾਰਤ ਹੋਵੇਗਾ ਜਿਸ ਵਿੱਚ ਵਿਅਕਤੀ ਨੂੰ ਵੱਧ ਤੋਂ ਵੱਧ ਆਜ਼ਾਦੀ ਮਿਲੇਗੀ। ਗਾਂਧੀ ਜੀ ਦਾ ਸੁਪਨਾ

ਰਾਜਹੀਣ ਤੇ ਸ਼੍ਰੇਣੀਹੀਣ ਆਦਰਸ਼ ਸਮਾਜ ਉਸਾਰਨ ਦਾ ਸੀ। ਉਹ ਚਾਹੁੰਦੇ ਸਨ ਕਿ ਲੋਕਾਂ ਨੂੰ ਨਿਆਂ ਰਾਜ ਦੀਆਂ ਅਦਾਲਤਾਂ ਦੁਆਰਾ ਨਹੀਂ ਸਗੋਂ ਪੰਚਾਇਤਾਂ ਦੁਆਰਾ ਮਿਲਣਾ ਚਾਹੀਦਾ ਹੈ।

**ਪ੍ਰਸ਼ਨ 3-** ਗਾਂਧੀ ਜੀ ਦੀ ਅਮਾਨਤਦਾਰੀ ਪ੍ਰਣਾਲੀ ਤੋਂ ਕੀ ਭਾਵ ਹੈ?

**ਉੱਤਰ-** ਅਮਾਨਤਦਾਰੀ ਦੇ ਸਿਧਾਂਤ ਦੀ ਬੜੀ ਸਧਾਰਨ ਵਿਆਖਿਆ ਇਹ ਹੈ ਕਿ ਅਮੀਰ ਵਿਅਕਤੀ ਨੂੰ ਇਸ ਗੱਲ ਦਾ ਅਹਿਸਾਸ ਕਰਾਇਆ ਜਾਵੇ ਕਿ ਜੋ ਫਾਲਤੂ ਧਨ ਅਤੇ ਸੰਪੱਤੀ ਉਹਨਾਂ ਕੋਲ ਹੈ, ਉਹ ਉਹਨਾਂ ਦੀ ਕਿਰਤ ਦਾ ਸਿੱਟਾ ਨਹੀਂ ਸਗੋਂ ਦੂਜੇ ਲੋਕਾਂ ਦੀ ਮਿਹਨਤ ਦਾ ਫਲ ਹੈ। ਉਹਨਾਂ ਦਾ ਉਹ ਧਨ ਅਤੇ ਸੰਪਤੀ ਸਮੁੱਚੇ ਸਮਾਜ ਦੀ ਮਲਕੀਅਤ ਹੈ ਅਤੇ ਉਹ ਆਪ ਇਸ ਧਨ ਅਤੇ ਸੰਪੱਤੀ ਲਈ ਸਮਾਜ ਦੇ ਕੇਵਲ ਅਮਾਨਤਦਾਰ ਹੀ ਹਨ। ਉਹਨਾਂ ਨੂੰ ਉਨੀ ਕੁ ਧਨ ਸੰਪੱਤੀ ਆਪਣੇ ਕੋਲ ਰੱਖਣੀ ਚਾਹੀਦੀ ਹੈ ਜੋ ਉਹਨਾਂ ਦੀਆਂ ਸਧਾਰਨ ਲੋੜਾਂ ਲਈ ਜਰੂਰੀ ਹੈ ਅਤੇ ਬਾਕੀ ਦੇ ਧਨ ਅਤੇ ਸੰਪਤੀ ਨੂੰ ਸਮੁੱਚੇ ਸਮਾਜ ਦੇ ਭਲੇ ਲਈ ਵਰਤਣਾ ਚਾਹੀਦਾ ਹੈ। ਗਾਂਧੀ ਜੀ ਦਾ ਇਹ ਸਿਧਾਂਤ ਮਨੁੱਖ ਦੀ ਨਿਆਇਕ ਭਾਵਨਾ ਅਤੇ ਇਨਸਾਨੀ ਅਹਿਸਾਸ ਦੇ ਆਧਾਰਤ ਹੈ|

**ਪ੍ਰਸ਼ਨ 4-** ਗਾਂਧੀ ਜੀ ਦੇ ਲੋਕਤੰਤਰ ਬਾਰੇ ਕੀ ਵਿਚਾਰ ਸਨ?

**ਉੱਤਰ-** ਮਹਾਤਮਾ ਗਾਂਧੀ ਮੌਜੂਦਾ ਲੋਕਤੰਤਰ ਜੋ ਬਹੁਮਤ ਦੇ ਸਿਧਾਂਤ ਤੇ ਅਧਾਰਤ ਹੈ ਦੇ ਸਖਤ ਖਿਲਾਫ ਸਨ। ਇਸ ਲੋਕਤੰਤਰੀ ਸਿਧਾਂਤ ਅਨੁਸਾਰ ਬਹੁ-ਗਿਣਤੀ ਦਾ ਫੈਸਲਾ ਸਹੀ ਹੈ ਚਾਹੇ ਉਹ ਕਿਹੋ ਜਿਹਾ ਵੀ ਹੋਵੇ। ਗਾਂਧੀ ਜੀ ਲੋਕਤੰਤਰ ਦੇ ਇਸ ਰੂਪ ਤੋਂ ਸੰਤੁਸ਼ਟ ਨਹੀਂ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਨੈਤਿਕ ਆਧਾਰਾਂ ਤੇ ਸੰਗਠਤ ਲੋਕਤੰਤਰੀ ਸਰਕਾਰ ਸਭ ਤੋਂ ਚੰਗੀ ਸਰਕਾਰ ਹੈ। ਲੋਕਤੰਤਰ ਦਾ ਆਧਾਰ ਸੈਨਿਕ ਸ਼ਕਤੀ ਨਹੀਂ ਹੋਣਾ ਚਾਹੀਦਾ। ਲੋਕਤੰਤਰ ਅਤੇ ਹਿੰਸਾ ਇਕੱਠੇ ਨਹੀਂ ਚੱਲ ਸਕਦੇ। ਉਹ ਲੋਕਤੰਤਰ ਦਾ ਆਧਾਰ ਅਹਿੰਸਾ ਜਾਂ ਨੈਤਿਕ ਸ਼ਕਤੀ ਨੂੰ ਮੰਨਦੇ ਸਨ। ਉਹਨਾਂ ਅਨੁਸਾਰ ਲੋਕਤੰਤਰ ਬਹੁਮਤ ਲਈ ਨਹੀਂ ਬਲਕਿ ਸਾਰੇ ਵਿਅਕਤੀਆਂ ਲਈ ਹੁੰਦਾ ਹੈ। ਇਸ ਵਿੱਚ ਘੱਟ ਗਿਣਤੀ ਵਰਗ ਦੇ ਹਿੱਤਾਂ ਦੀ ਸੁਰੱਖਿਆ ਵੀ ਉਨੀ ਹੀ ਚਾਹੀਦੀ ਹੈ, ਜਿੰਨੀ ਕਿ ਬਹੁਮਤ ਦੇ ਹਿੱਤਾਂ ਦੀ ਲੋਕਤੰਤਰ ਵਿੱਚ ਘੱਟ ਗਿਣਤੀ ਵਰਗ ਨੂੰ ਵੀ ਆਪਣੇ ਵਿਚਾਰ ਪ੍ਰਗਟ ਕਰਨ ਦੀ ਉਨੀ ਹੀ ਸੁਤੰਤਰਤਾ ਹੋਣੀ ਚਾਹੀਦੀ ਹੈ ਜਿੰਨੀ ਕਿ ਬਹੁਮਤ ਨੂੰ ਹੁੰਦੀ ਹੈ।

## Bureaucracy

ਪ੍ਰਸ਼ਨ 1. ਨੌਕਰਸ਼ਾਹੀ ਦਾ ਅਰਥ ਲਿਖੋ ।

ਉੱਤਰ-ਨੌਕਰਸ਼ਾਹੀ ਜਾਂ ਬਿਉਰੋਕੇਸੀ (Bureaucracy) ਫ਼ਰਾਂਸੀਸੀ ਭਾਸ਼ਾ ਦੇ ਸ਼ਬਦ 'ਬਿਓਰੋ' (Bureau) ਤੋਂ ਬਣਿਆ ਹੈ ਜਿਸ ਦਾ ਅਰਥ ਹੈ ਡੈਸਕ ਜਾਂ ਲਿਖਣ ਵਾਲੀ ਮੇਜ਼ ਅਤੇ ਇਸ ਸ਼ਬਦ ਦਾ ਅਰਥ ਹੋਇਆ 'ਡੈਸਕ ਸਰਕਾਰ' । ਇਸ ਸ਼ਬਦ ਦਾ ਅਰਥ ਸਮੇਂ-ਸਮੇਂ 'ਤੇ ਬਦਲਦਾ ਰਿਹਾ, ਇਸ ਤਰ੍ਹਾਂ ਨੌਕਰਸ਼ਾਹੀ (Bureaucracy) ਦਾ ਅਰਥ ਡੈਸਕ 'ਤੇ ਬੈਠ 'ਕੇ ਕੰਮ ਕਰਨ ਵਾਲੇ ਅਧਿਕਾਰੀਆਂ ਦੇ ਸ਼ਾਸਨ ਤੋਂ ਹੈ । ਦੂਜੇ ਸ਼ਬਦਾਂ ਵਿਚ ਇਸ ਦਾ ਅਰਥ

ਪ੍ਰਸ਼ਾਸਨਿਕ ਅਧਿਕਾਰੀਆਂ ਦਾ ਸ਼ਾਸਨ ਹੈ। ਇਕ ਨੌਕਰਸ਼ਾਹੀ ਸ਼ਬਦ ਦੀ ਵੱਧ ਤੋਂ ਵੱਧ ਵਰਤੋਂ ਲੋਕ-ਸੇਵਾ ਦੇ ਪ੍ਰਭਾਵ ਨੂੰ ਪ੍ਰਗਟਾਉਣ ਲਈ ਕੀਤੀ ਜਾਂਦੀ ਹੈ। ਸਾਰੇ ਆਧੁਨਿਕ ਰਾਜਾਂ ਵਿਚ ਸਰਕਾਰ ਦਾ ਕੰਮ ਉਨ੍ਹਾਂ ਅਧਿਕਾਰੀਆਂ ਵਲੋਂ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਪ੍ਰਸ਼ਾਸਨਿਕ ਸਮੱਸਿਆ ਦੀ ਪੂਰੀ ਜਾਣਕਾਰੀ ਅਤੇ ਸਮਰੱਥਾ ਰਹਿੰਦੀ ਹੈ। ਅਧਿਕਾਰੀਆਂ ਦੇ ਇਸ ਵਰਗ ਨੂੰ ਨੌਕਰਸ਼ਾਹੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਨੌਕਰਸ਼ਾਹੀ ਸਰਕਾਰੀ ਸਰਗਰਮੀਆਂ ਦੇ ਗਰੁੱਪ ਰਾਹੀਂ ਸੰਪੰਨ ਸਰਗਰਮੀ ਹੈ।

ਪ੍ਰਸ਼ਨ 2. ਨੌਕਰਸ਼ਾਹੀ ਦੀਆਂ ਚਾਰ ਮੁੱਖ ਵਿਸ਼ੇਸ਼ਤਾਵਾਂ ਲਿਖੋ।

ਉੱਤਰ-ਨੌਕਰਸ਼ਾਹੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ-

1. **ਨਿਸਚਿਤ ਤਨਖ਼ਾਹ ਅਤੇ ਭੱਤੇ**-ਨੌਕਰਸ਼ਾਹੀ ਦੇ ਮੈਂਬਰ ਨੂੰ ਨਿਸਚਿਤ ਤਨਖ਼ਾਹ ਅਤੇ ਭੱਤੇ ਦਿੱਤੇ ਜਾਂਦੇ ਹਨ।ਤਰੱਕੀ ਦੇ ਨਾਲ-ਨਾਲ ਉਹਨਾਂ ਦੀ ਤਨਖ਼ਾਹ ਵਿਚ ਵਾਧਾ ਹੁੰਦਾ ਹੈ। ਰਿਟਾਇਰ ਹੋਣ ਤੋਂ ਬਾਅਦ ਨੌਕਰਸ਼ਾਹੀ ਦੇ ਮੈਂਬਰਾਂ ਨੂੰ ਪੈਨਸ਼ਨ ਮਿਲਦੀ ਹੈ।
2. **ਰਾਜਨੀਤਿਕ ਨਿਰਪੱਖਤਾ**—ਨੌਕਰਸ਼ਾਹੀ ਵਿਚ ਕਰਮਚਾਰੀ ਦੇ ਵਿਅਕਤੀਗਤ ਜਾਂ ਰਾਜਨੀਤਿਕ ਵਿਚਾਰਾਂ ਦੀ ਕੋਈ ਥਾਂ ਨਹੀਂ ਹੈ। ਨੌਕਰਸ਼ਾਹੀ ਨੂੰ ਰਾਜਨੀਤਿਕ ਨਜ਼ਰੀਏ ਤੋਂ ਨਿਰਪੱਖ ਰਹਿਣਾ ਪੈਂਦਾ ਹੈ। ਉਹ ਨਾ ਤਾਂ ਕਿਸੇ ਰਾਜਨੀਤਿਕ ਦਲ ਦੇ ਮੈਂਬਰ ਹੁੰਦੇ ਹਨ ਅਤੇ ਨਾ ਹੀ ਉਹਨਾਂ ਦਾ ਕਿਸੇ ਰਾਜਨੀਤਿਕ ਦਲ ਨਾਲ ਸੰਬੰਧ ਹੁੰਦਾ ਹੈ। ਸਰਕਾਰ ਕਿਸੇ ਵੀ ਦਲ ਦੀ ਕਿਉਂ ਨਾ ਬਣੇ, ਉਸ ਦਾ ਕੰਮ ਆਪਣੀ ਯੋਗਤਾ ਅਨੁਸਾਰ ਪ੍ਰਸ਼ਾਸਨ ਦੀ ਸੇਵਾ ਕਰਨਾ ਹੁੰਦਾ ਹੈ।

3**. ਨਿਸਚਿਤ ਤਨਖ਼ਾਹ ਅਤੇ ਭੱਤੇ**—ਨੌਕਰਸ਼ਾਹੀ ਦੇ ਮੈਂਬਰ ਨੂੰ ਨਿਸਚਿਤ ਤਨਖ਼ਾਹ ਅਤੇ ਭੱਤੇ ਦਿੱਤੇ ਜਾਂਦੇ ਹਨ।

4. **ਯੋਗਤਾ ਪ੍ਰਣਾਲੀ**—ਨੌਕਰਸ਼ਾਹੀ ਯੋਗਤਾ ਪ੍ਰਣਾਲੀ ਉੱਤੇ ਆਧਾਰਿਤ ਹੈ। ਕਰਮਚਾਰੀਆਂ ਦੀ ਯੋਗਤਾ ਦੇ ਆਧਾਰ 'ਤੇ ਚੋਣ ਕੀਤੀ ਜਾਂਦੀ ਹੈ।

ਪ੍ਰਸ਼ਨ 3. ਚੰਗੀ ਨੌਕਰਸ਼ਾਹੀ ਦੇ ਚਾਰ ਕਾਰਜ ਲਿਖੋ।

ਜਾਂ

ਨੌਕਰਸ਼ਾਹੀ ਪ੍ਰਸ਼ਾਸਨ ਦੀ 'ਰੀੜ੍ਹ ਦੀ ਹੱਡੀ' ਵਿਆਖਿਆ ਕਰੋ।

ਉੱਤਰ-ਨੌਕਰਸ਼ਾਹੀ ਦੇ ਮਹੱਤਵਪੂਰਨ ਕਾਰਜ ਇਹ ਹਨ—

**1.ਪ੍ਰਸ਼ਾਸਕੀ ਕੰਮ**-ਪ੍ਰਸ਼ਾਸਨ ਸੰਬੰਧੀ ਨੀਤੀਆਂ ਦਾ ਨਿਰਮਾਣ ਕਰਨਾ ਮੰਤਰੀ-ਮੰਡਲ ਦਾ ਕੰਮ ਹੈ, ਪਰ ਨੀਤੀਆਂ ਨੂੰ ਲਾਗੂ ਕਰਨਾ ਨੌਕਰਸ਼ਾਹੀ ਦਾ ਕੰਮ ਹੈ। ਪ੍ਰਸ਼ਾਸਨ ਚਲਾਉਣਾ ਨੌਕਰਸ਼ਾਹੀ ਦਾ ਕੰਮ ਹੈ।

2.**<u>ਸਲਾਹਕਾਰੀ ਕੰਮ</u>**-ਨੌਕਰਸ਼ਾਹੀ ਰਾਜਨੀਤਿਕ ਕਾਰਜਪਾਲਿਕਾ ਨੂੰ ਸਲਾਹ ਦੇਣ ਦਾ ਕੰਮ ਕਰਦੀ ਹੈ।

3, **<u>ਵਿਧਾਨਿਕ ਕੰਮ</u>**-ਨੌਕਰਸ਼ਾਹੀ ਮੰਤਰੀਆਂ ਰਾਹੀਂ ਪੇਸ਼ ਕੀਤੇ ਜਾਣ ਵਾਲੇ ਬਿੱਲਾਂ ਦੀ ਰੂਪ-ਰੇਖਾ ਤਿਆਰ ਕਰਦੀ ਹੈ। ਸੰਸਦ ਕਾਨੂੰਨ ਦਾ ਖਰੜਾ ਤਿਆਰ ਕਰ ਦਿੰਦੀ ਹੈ ਅਤੇ ਕਾਨੂੰਨ ਦਾ ਵਿਸਥਾਰ ਕਰਨ ਲਈ ਨੌਕਰਸ਼ਾਹੀ ਨੂੰ ਨਿਯਮ ਅਤੇ ਉਪ-ਨਿਯਮ ਬਣਾਉਣ ਦੀ ਸ਼ਕਤੀ ਦਿੱਤੀ ਜਾਂਦੀ ਹੈ। ਮੰਤਰੀਆਂ ਨੂੰ ਸੰਸਦ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦਾ ਉੱਤਰ ਦੇਣਾ ਹੁੰਦਾ ਹੈ, ਪਰੰਤੂ ਇਹਨਾਂ ਪ੍ਰਸ਼ਨਾਂ ਦੇ ਉੱਤਰ ਨੌਕਰਸ਼ਾਹੀ ਦੁਆਰਾ ਤਿਆਰ ਕੀਤੇ ਜਾਂਦੇ ਹਨ।

4.ਸ਼ਾਸਨ ਦੀ ਨਿਪੁੰਨਤਾ ਵੱਖ-ਵੱਖ ਵਿਭਾਗਾਂ ਦੇ ਤਾਲ-ਮੇਲ ਉੱਤੇ ਨਿਰਭਰ ਕਰਦੀ ਹੈ। ਵੱਖ-ਵੱਖ ਵਿਭਾਗਾਂ ਵਿਚ ਅਤੇ ਸਰਕਾਰੀ ਕਰਮਚਾਰੀਆਂ ਵਿਚਕਾਰ ਤਾਲ-ਮੇਲ ਕਾਇਮ ਕਰਨਾ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕੰਮ ਹੈ।

ਪ੍ਰਸ਼ਨ 4. ਨੌਕਰਸ਼ਾਹੀ ਦੀਆਂ ਦੋ ਪਰਿਭਾਸ਼ਾਵਾਂ ਲਿਖੋ।

ਉੱਤਰ – 1. **<u>ਪ੍ਰੋ: ਵਿਲੋਬੀ (Willoughby) ਦੇ ਵਿਚਾਰ ਅਨੁਸਾਰ</u>**, ‘‘ਵਿਸ਼ਾਲ ਰੂਪ ਵਿਚ ਇਹ ਸ਼ਬਦ ਕਰਮਚਾਰੀਆਂ ਦੇ ਵਰਗ ਦੇ ਅਜਿਹੇ ਸਮੂਹ ਲਈ ਵਰਤਿਆ ਜਾਂਦਾ ਹੈ ਜਿਸ ਵਿਚ ਕਰਮਚਾਰੀਆਂ ਦਾ ਖੰਡਾਂ, ਭਾਗਾਂ, ਦਫ਼ਤਰਾਂ ਅਤੇ ਵਿਭਾਗਾਂ ਆਦਿ ਵਿਚ ਵਰਗੀਕਰਨ ਕੀਤਾ ਗਿਆ ਹੋਵੇ। ਸੀਮਾਂਤ ਰੂਪ ਵਿਚ ਨੌਕਰਸ਼ਾਹੀ ਲੜੀਵਾਰ ਸੰਗਠਿਤ ਜਨਤਕ ਕਰਮਚਾਰੀਆਂ ਦਾ ਉਹ ਸਮੂਹ ਹੈ, ਜੋ ਜਨਤਕ ਨਿਯੰਤਰਨ ਦੇ ਖੇਤਰ ਤੋਂ ਬਾਹਰ ਹੁੰਦਾ ਹੈ।“

2.**<u>ਹਰਮਨ ਫਾਈਨਰ (Herman Finer) ਦੇ ਵਿਚਾਰ ਅਨੁਸਾਰ</u>**,” ਅਸੈਨਿਕ ਸੇਵਾ ਸਥਾਈ, ਤਨਖ਼ਾਹਦਾਰ ਅਤੇ ਸਿੱਖਿਅਕ ਜਾਂ ਨਿਪੁੰਨ ਅਧਿਕਾਰੀਆਂ ਦੇ ਪੇਸ਼ਾਵਰ ਸਮੂਹ ਨੂੰ ਕਿਹਾ ਜਾਂਦਾ ਹੈ।“

3.**<u>ਪਾਲ ਏਪਲਬਾਈ (Paul Appleby) ਦੇ ਵਿਚਾਰ ਅਨੁਸਾਰ</u>**, ‘’ਇਹ ਤਕਨੀਕੀ ਪੱਖ ਤੋਂ ਸਿੱਖਿਅਕ ਅਤੇ ਲੜੀਵਾਰ ਰੂਪ ਵਿਚ ਸੰਗਠਿਤ ਵਿਅਕਤੀਆਂ ਦਾ ਅਜਿਹਾ ਪੇਸ਼ਾਵਰ ਵਰਗ ਹੈ ਜੋ ਨਿਰਪੱਖ ਤੌਰ ‘ਤੇ ਰਾਜ ਦੀ ਸੇਵਾ ਕਰਦਾ ਹੈ।“

4.**<u>ਮੈਕਸ ਵੇਬਰ (Max Webber) ਦੇ ਅਨੁਸਾਰ,</u>** ‘‘ਨੌਕਰਸ਼ਾਹੀ ਪ੍ਰਸ਼ਾਸਨ ਦੀ ਇਹੋ ਜਿਹੀ ਵਿਵਸਥਾ ਹੈ, ਜਿਸਦੀ ਵਿਸ਼ੇਸ਼ਤਾ-ਨਿਪੁੰਨਤਾ, ਨਿਰਪੱਖਤਾ ਅਤੇ ਮਾਨਵਤਾ ਦੀ ਘਾਟ ਹੁੰਦੀ ਹੈ।

## ਲੋਕਮੱਤ

### ਪ੍ਰ1:- ਲੋਕਮਤ ਦੇ ਨਿਰਮਾਣ ਦੇ ਕੋਈ ਚਾਰ ਸਾਧਨ ਲਿਖੋ?

**ੳ-** ਲੋਕਮਤ ਦਾ ਨਿਰਮਾਣ ਆਪਣੇ-ਆਪ ਨਹੀਂ ਹੁੰਦਾ ਸਗੋਂ ਇਸ ਮੰਤਵ ਲਈ ਰਾਜਨੀਤਿਕ ਦਲਾਂ, ਸ਼ਾਸ਼ਕਾਂ ਅਤੇ ਦੂਜੇ ਜਨਤਕ ਨੇਤਾਵਾਂ ਨੂੰ ਕੁਝ ਵਿਸ਼ੇਸ਼ ਸਾਧਨਾਂ ਦੁਆਰਾ ਵਿਸ਼ੇਸ਼ ਯਤਨ ਕਰਨੇ ਪੈਂਦੇ ਹਨ। ਲੋਕਮਤ ਦੇ ਨਿਰਮਾਣ ਲਈ ਜਿਹੜੇ ਮੁੱਖ ਸਾਧਨ ਸਿੱਧ ਹੁੰਦੇ ਹਨ ਉਹਨਾਂ ਦੇ ਵਿਸ਼ੇਸ਼ ਸੰਖੇਪ ਵਰਨਣ ਹੇਠ ਲਿਖਿਆ ਹੈ।

1. ਰਾਜਨੀਤਿਕ ਦਲ- ਲੋਕਤੰਤਰੀ ਰਾਜਾਂ ਵਿੱਚ ਰਾਜਨੀਤਿਕ ਦਲ ਦਾ ਲੋਕਮਤ ਦੇ ਨਿਰਮਾਣ ਵਿੱਚ ਮਹੱਤਵਪੂਰਨ ਯੋਗਦਾਨ ਦਿੰਦੇ ਹਨ। ਜਨਤਾ ਨੂੰ ਆਪਣੇ ਵਿਚਾਰਾਂ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦੇ ਹਨ।
2. ਜਨਤਕ ਸਭਾਵਾਂ- ਜਨਤਾ ਸਾਹਮਣੇ ਜਨਤਕ ਸਭਾਵਾਂ ਵਿੱਚ ਦਿੱਤੇ ਭਾਸ਼ਣਾਂ ਨਾਲ ਵੀ ਲੋਕਮਤ ਦਾ ਨਿਰਮਾਣ ਹੁੰਦਾ ਹੈ। ਹਰੇਕ ਲੋਕਤੰਤਰੀ ਦੇਸ਼ਾਂ ਵਿੱਚ ਸ਼ਾਸਕ ਦਲ ਅਤੇ ਵਿਰੋਧੀ ਜਨਤਕ ਸਭਾਵਾਂ ਕਰਦੇ ਹਨ।
3. ਪ੍ਰੈੱਸ ਅਤੇ ਬਿਜਲਈ ਦੇ ਸੰਚਾਰ ਸਾਧਨ- ਲੋਕਮਤ ਦੇ ਨਿਰਮਾਣ ਵਿੱਚ ਪ੍ਰੈੱਸ ਵੀ ਇੱਕ ਮਹੱਤਵਪੂਰਨ ਸਾਧਨ ਹੈ। ਪ੍ਰੈੱਸ ਤੋਂ ਭਾਵ ਦੈਨਿਕ ਅਖਬਾਰਾਂ, ਸਪਤਾਹਿਕ ਅਤੇ ਮਾਸਿਕ ਪੱਤਰਾਂ, ਰਸਾਲਿਆਂ ਤੇ ਅਨੇਕ ਪ੍ਰਕਾਰ ਦੀਆਂ ਪੁਸਤਕਾਂ ਤੋਂ ਹੈ। ਇਹਨਾਂ ਦੇ ਨਾਲ ਵਰਤਮਾਨ ਵਿਗਿਆਨਕ ਅਤੇ ਕੰਪਿਊਟਰ ਤਕਨੀਕਾਂ ਦੇ ਯੁੱਗ ਵਿੱਚ ਬਿਜਲਈ ਸੰਚਾਰ ਸਾਧਨਾਂ ਦੀ ਬਹੁਤ ਮਹੱਤਤਾ ਵਧ ਰਹੀ ਹੈ।
4. ਵਿੱਦਿਅਕ ਸੰਸਥਾਵਾਂ- ਅਜੋਕੇ ਯੁੱਗ ਵਿੱਚ ਵੱਖ-ਵੱਖ ਪੱਧਰਾਂ ਦੀਆਂ ਵਿੱਦਿਅਕ ਸੰਸਥਾਵਾਂ ਦੀ ਲੋਕਮਤ ਦਾ ਨਿਰਮਾਣ ਕਰਨ ਵਿੱਚ ਸਹਾਇਕ ਸਿੱਧ ਹੋ ਸਕਦੀਆਂ ਹਨ। ਵਿੱਦਿਅਕ ਸੰਸਥਾਵਾਂ ਵਿੱਚ ਰਾਸ਼ਟਰੀ, ਸਮਾਜਿਕ, ਆਰਥਿਕ, ਰਾਜਨੀਤਿਕ ਸਮੱਸਿਆਵਾਂ ਆਦਿ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਜੇਕਰ ਇਹ ਜਾਣਕਾਰੀ ਨਿਰਪੱਖ ਸਹਿਤ ਰਾਜਨੀਤਿਕ ਪ੍ਰਭਾਵਾਂ ਤੋਂ ਮੁਕਤ ਹੋ ਕੇ ਦਿੱਤੀ ਜਾਵੇ ਤਾਂ ਇੱਕ ਦ੍ਰਿੜ ਲੋਕਮਤ ਦੀ ਨੀਂਹ ਰੱਖੀ ਜਾ ਸਕਦੀ ਹੈ।

**ਪ੍ਰ2:- ਉਸਾਰੂ ਲੋਕਮਤ ਦੇ ਨਿਰਮਾਣ ਲਈ ਜਰੂਰੀ ਸ਼ਰਤਾਂ ਬਾਰੇ ਤੁਸੀ ਕੀ ਜਾਣਦੇ ਹੋ?**

**ਉ-** ਲੋਕਮਤ ਲੋਕਤੰਤਰ ਦਾ ਅਧਾਰ ਹੈ। ਪਰੰਤੂ ਲੋਕਮਤ ਦ੍ਰਿੜ ਜਾਂ ਉਸਾਰੂ ਵੀ ਹੋਣਾ ਚਾਹੀਦਾ ਹੈ। ਇਕ ਉਸਾਰੂ ਲੋਕਮਤ ਦੇ ਨਿਰਮਾਣ ਲਈ ਹੇਠ ਲਿਖੀਆਂ ਸ਼ਰਤਾਂ ਸਹਾਇਕ ਹੋ ਸਕਦੀਆਂ ਹਨ-

1. ਸਿੱਖਿਅਤ ਅਤੇ ਜਾਗਰੂਕ ਨਾਗਰਿਕ- ਦ੍ਰਿੜ ਅਤੇ ਉਸਾਰੂ ਲੋਕਮਤ ਦੇ ਨਿਰਮਾਣ ਲਈ ਲੋਕਾਂ ਦਾ ਸਿੱਖਿਅਤ ਹੋਣਾ ਬਹੁਤ ਜਰੂਰੀ ਹੈ। ਸਿੱਖਿਅਤ ਅਤੇ ਗੁਣਵਾਨ ਨਾਗਰਿਕ ਹੀ ਠੀਕ ਅਤੇ ਹਾਲਤ ਵਿੱਚ ਅੰਤਰ ਸਮਝ ਸਕਦਾ ਹੈ। ਇਸ ਦੇ ਨਾਲ ਉਹ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਸੁਚੇਤ ਵੀ ਹੋਣੇ ਚਾਹੀਦੇ ਹਨ। ਲਾਰਡ ਬ੍ਰਾਈਸ ਨੇ ਠੀਕ ਹੀ ਕਿਹੈ ਹੈ, "ਲਗਾਤਾਰ ਸੁਚੇਚਤਾ ਸੁਤੰਤਰਤਾ ਦਾ ਮੁੱਲ ਹੈ"।
2. ਆਦਰਸ਼ ਸਿੱਖਿਆ ਪ੍ਰਣਾਲੀ- ਇੱਕ ਵਿੱਦਿਅਕ ਪ੍ਰਣਾਲੀ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਵਿਵੇਕਸ਼ੀਲ, ਉਸਾਰੂ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਰੂਪ ਪ੍ਰਦਾਨ ਕਰ ਸਕਦੀ ਹੈ। ਅਜਿਹੇ ਦ੍ਰਿਸ਼ੀਕੋਣ ਵਾਲੇ ਨਾਗਰਿਕ ਹੀ ਇੱਕ ਉਸਾਰੂ ਲੋਕਮਤ ਦਾ ਨਿਰਮਾਣ ਕਰ ਸਕਦੇ ਹਨ।
3. ਸੁਤੰਤਰ ਅਤੇ ਨਿਰਪੱਖ ਪ੍ਰੈਸ- ਪ੍ਰੈਸ ਨੂੰ ਲੋਕਤੰਤਰ ਦਾ ਪਹਿਰੇਦਾਰ ਮੰਨਿਆ ਜਾਂਦਾ ਹੈ। ਪਰ ਇਹ ਨਿਰਪੱਖ, ਇਮਾਨਦਾਰ ਅਤੇ ਸਰਕਾਰੀ ਨਿਯੰਤਰਣ ਤੋਂ ਸੁਤੰਤਰ ਹੋਣੀ ਚਾਹੀਦੀ ਹੈ ਕਿਉਂਕਿ ਇਮਾਨਦਾਰ,

ਨਿਰਪੱਖ, ਨਿਡਰ ਅਤੇ ਸੁਤੰਤਰ ਪ੍ਰੈਸ ਹੀ ਇੱਕ ਉਸਾਰੂ ਜਾਂ ਸਵਸਥ ਲੋਕਮਤ ਦਾ ਨਿਰਮਾਣ ਕਰਨ ਵਿੱਚ ਸਹਾਇਕ ਸਿੱਧ ਹੋ ਸਕਦੀ ਹੈ।

4. ਦ੍ਰਿੜ ਦਲ ਪ੍ਰਣਾਲੀ- ਉਸਾਰੂ ਲੋਕਮਤ ਦੇ ਨਿਰਮਾਣ ਲਈ ਇਹ ਵੀ ਜਰੂਰੀ ਹੈ ਕਿ ਰਾਜਨੀਤਿਕ ਦਲਾਂ ਦਾ ਗਠਨ ਜਨਤਕ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਪ੍ਰੋਗਰਾਮਾਂ ਦੇ ਅਧਾਰ ਤੇ ਹੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਨਿਸਚਿਤ ਸਿਧਾਂਤ ਦੇ ਅਧਾਰਿਤ ਰਾਸ਼ਟਰੀ ਹਿੱਤਾਂ ਨੂੰ ਪਹਿਲ ਦੇਣ ਵਾਲੇ ਰਾਜਨੀਤਿਕ ਦਲਾਂ ਦੀ ਹੋਂਦ ਇੱਕ ਦ੍ਰਿੜ ਜਾਂ ਸਵਸਥ ਲੋਕਮਤ ਦੇ ਨਿਰਮਾਣ ਲਈ ਜਰੂਰੀ ਹੈ।

**ਪ੍ਰ3- ਲੋਕਮਤ ਦੇ ਨਿਰਮਾਣ ਵਿੱਚ ਰਾਜਨੀਤਿਕ ਦਲਾਂ ਦੀ ਕੀ ਮਹੱਤਤਾ ਹੈ?**

**ਉ-** 1. ਰਾਜਨੀਤਿਕ ਦਲ ਲੋਕਾਂ ਸਾਹਮਣੇ ਦੇਸ ਦੀਆਂ ਵੱਖ-ਵੱਖ ਸਮੱਸਿਆਵਾਂ ਉਤੇ ਆਪਣੇ ਵਿਚਾਰ ਰੱਖਦੇ ਹਨ।

2. ਰਾਜਨੀਤਿਕ  ਦਲ ਜਨਮਤ ਨੂੰ ਆਪਣੇ ਪੱਖ ਵਿੱਚ ਕਰਨ ਲਈ ਜਨਤਕ ਮੀਟਿੰਗਾਂ ਕਰਦੇ ਹਨ।

3. ਰਾਜਨੀਤਿਕ ਦਲ ਜਨਤਾ ਵਿੱਚ ਰਾਜਨੀਤਿਕ ਜਾਗ੍ਰਿਤੀ ਪੈਦਾ ਕਰਦੇ ਹਨ।

4. ਰਾਜਨੀਤਿਕ ਦਲ ਦਿਲ-ਖਿੱਚਵਾਂ ਅਤੇ ਉਸਾਰੂ ਪ੍ਰੋਗਰਾਮ ਪੇਸ਼ ਕਰਕੇ ਜਨਮਤ ਨੂੰ ਆਪਣੇ ਵਲ ਕਰਦੇ ਹਨ।

**ਪ੍ਰ4- ਲੋਕਮਤ ਦੇ ਨਿਰਮਾਣ ਵਿੱਚ ਵਿੱਦਿਅਕ ਸੰਸਥਾਵਾਂ ਦੀ ਕੀ ਭੂਮਿਕਾ ਹੈ?**

**ਉ-** ਵਿਦਿਆਰਥੀ ਆਪਣੇ ਮਤ ਦਾ ਨਿਰਮਾਣ ਆਮ ਤੌਰ ਤੇ ਆਪਣੇ ਅਧਿਆਪਕਾਂ ਦੇ ਵਿਚਾਰਾਂ ਨੂੰ ਸੁਣ ਕੇ ਕਰਦੇ ਹਨ। ਨਾਗਰਿਕ ਸ਼ਾਸ਼ਤ ਦੇ ਅਧਿਆਪਕ ਵਿਸ਼ੇਸ਼ ਕਰ ਕੇ ਪੜ੍ਹਾਉਂਦੇ ਸਮੇ ਸਰਕਾਰ ਦੇ ਕੰਮਾਂ ਦੀ ਉਦਾਹਰਨ ਦਿੰਦੇ ਹਨ ਅਤੇ ਕਈ ਅਧਿਆਪਕ ਸਰਕਾਰ ਦੀ ਸਖਤ ਆਲੋਚਨਾ ਕਰਦੇ ਹਨ ਅਤੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦੇ ਹਨ। ਅਧਿਆਪਕਾਂ ਦੇ ਵਿਚਾਰਾਂ ਦਾ ਵਿਦਿਆਰਥੀ ਦੇ ਮਨ ਉੱਤੇ ਬਹੁਤ ਪ੍ਰਭਾਵ ਪੈਂਦਾ ਹੈ। ਇਸ ਤੋਂ ਇਲਾਵਾ ਸਕੂਲਾਂ ਅਤੇ ਕਾਲਜਾਂ ਵਿੱਚ ਵੱਖ-ਵੱਖ ਵਿਸ਼ਿਆਂ ਅਤੇ ਸਮੱਸਿਆਵਾਂ ਤੇ ਵਿਚਾਰ-ਵਟਾਂਦਰਾ ਅਤੇ ਭਾਸ਼ਨ ਮੁਕਾਬਲੇ ਹੁੰਦੇ ਹਨ। ਇਸ ਤਰ੍ਹਾਂ ਸਿੱਖਿਆ ਸੰਸਥਾਵਾਂ ਵਿਦਿਆਰਥੀਆਂ ਦੇ ਵਿਚਾਰਾਂ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ।

## ਦਲ ਪ੍ਰਣਾਲੀ( party system)

ਪ੍ਰਸ਼ਨ.1. ਰਾਜਨੀਤਿਕ ਦਲਾਂ ਦੇ ਕਾਰਜ ਲਿਖੋ?

ਉਤਰ. ਰਾਜਨੀਤਿਕ ਦਲਾਂ ਦਾ ਮੁੱਖ ਕੰਮ ਚੋਣਾਂ ਲੜਨਾ ਅਤੇ ਸੱਤਾ ਪ੍ਰਾਪਤ ਕਰਨਾ ਹੈ

ਰਾਜਨੀਤਿਕ ਦਲ ਸਰਕਾਰ ਦਾ ਗਠਨ ਕਰਦੇ  ਹਨ| ਰਾਜਨੀਤਿਕ ਦਲ ਵਿਰੋਧੀ ਦਲ ਦੇ ਤੌਰ ਤੇ ਵੀ ਕੰਮ ਕਰਦੇ ਹਨ ਅਤੇ ਸਰਕਾਰ ਨੂੰ ਜਿੰਮੇਵਾਰ ਬਣਾਉਂਦੇ ਹਨ | ਰਾਜਨੀਤਿਕ ਦਲ ਲੋਕਾਂ ਵਿਚ ਰਾਜਨੀਤਿਕ ਚੇਤਨਾ ਦਾ ਵਿਕਾਸ ਕਰਦੇ

ਹਨ | ਰਾਜਨੀਤਿਕ ਦਲ ਲੋਕਾਂ ਤੇ ਸਰਕਾਰ ਦੇ ਵਿਚਕਾਰ ਕੜੀ ਦਾ ਕੰਮ ਕਰਦੇ ਹਨ| ਰਾਜਨੀਤਿਕ ਦਲ ਸਰਕਾਰ ਬਣਾਉਣ ਲਈ ਬਦਲ ਪ੍ਰਦਾਨ ਕਰਦੇ ਹਨ। ਰਾਜਨੀਤਿਕ ਦਲਾਂ ਦੀ ਹੋਂਦ ਕਰਕੇ ਹੀ ਸ਼ਾਂਤੀਪੂਰਨ ਤਬਦੀਲੀ ਸੰਭਵ ਹੋ ਪਾਉਂਦੀਹੈ

ਪ੍ਰਸ਼ਨ. 2. ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਦਾ ਵਰਣਨ ਕਰੋ?

ਉਤਰ. ਵਿਰੋਧੀ ਦਲ ਦਾ ਮੁੱਖ ਕੰਮ ਸਰਕਾਰ ਦੀ ਆਲੋਚਨਾ ਕਰਨਾ ਹੁੰਦਾ ਹੈ | ਵਿਰੋਧੀ ਦਲ ਸਰਕਾਰ ਦੀ ਨਿਰਕੁਸ਼ਤਾ ਦੇ ਉੱਤੇ ਰੋਕ ਲਗਾਉਦਾ ਹੈ | ਸਰਕਾਰ ਵਿਰੋਧੀ ਦਲ ਦੇ ਡਰ ਕਾਰਨ ਅਜਿਹਾ ਕੰਮ ਕਰਨ ਤੋਂ ਸੰਕੋਚ ਕਰਦੀ ਹੈ ਜੋ ਲੋਕਾਂ ਦੇ ਵਿਰੁੱਧ ਹੋਵੇ| ਵਿਰੋਧੀ ਦਲ ਜਨਤਾ ਨੂੰ ਰਾਜਨੀਤਿਕ ਸਿੱਖਿਆ ਪ੍ਰਦਾਨ ਕਰਦਾ ਅਤੇ ਸਰਕਾਰ ਦਾ ਬਦਲ ਬਣਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ |

ਪ੍ਰਸ਼ਨ. 3. ਲੋਕਤੰਤਰ ਵਿੱਚ ਰਾਜਨੀਤਿਕ ਦਲਾਂ ਦੀ ਮਹੱਤਤਾ ਤੇ ਨੋਟ ਲਿਖੋ?

ਉਤਰ. ਰਾਜਨੀਤਿਕ ਦਲ ਲੋਕਤੰਤਰ ਦੀ ਜਿੰਦਜਾਨ ਹੁੰਦੇ ਹਨ | ਅਜੋਕੇ ਸਮੇਂ ਦੇ ਵਿੱਚ ਸਰਕਾਰ ਬਣਾਉਣ ਲਈ ਚੋਣਾਂ ਦਾ ਹੋਣਾ ਜਰੂਰੀ ਹੈ। ਰਾਜਨੀਤਿਕ ਦਲਾਂ ਕਾਰਨ ਹੀ ਚੋਣਾਂ ਸੰਭਵ ਹੁੰਦੀਆਂ ਹਨ |

ਰਾਜਨੀਤਿਕ ਦਲ ਲੋਕਾਂ ਦੇ ਵਿੱਚ ਚੇਤਨਤਾ ਪੈਦਾ ਕਰਦੇ ਹਨ| ਰਾਜਨੀਤਿਕ ਦਲ ਲੋਕਾਂ ਵਿੱਚ ਆਪਣੀ ਵਿਚਾਰਧਾਰਾ ਨੂੰ ਲੈ ਕੇ ਜਾਂਦੇ ਹਨ |

ਰਾਜਨੀਤਿਕ ਦਲ ਆਪਣੀਆਂ ਨੀਤੀਆਂ ਦੇ ਆਧਾਰ ਤੇ ਚੋਣਾਂ ਵਿੱਚ ਹਿੱਸਾ ਲੈ ਕੇ ਬਹੁਮਤ ਪ੍ਰਾਪਤ ਕਰਦੇ ਹਨ ਅਤੇ ਸਰਕਾਰ ਬਣਾਉਂਦੇ ਹਨ।

ਰਾਜਨੀਤਿਕ ਦਲਾਂ ਦਾ ਦੇਸ਼ ਦੇ ਸੰਵਿਧਾਨ ਵਿੱਚ ਪੂਰਾ ਵਿਸ਼ਵਾਸ ਹੁੰਦਾ ਹੈ ਉਹ ਸੰਵਿਧਾਨ ਦੇ ਉਲਟ ਕੋਈ ਕੰਮ ਨਹੀਂ ਕਰਦੇ|

ਚੋਣਾਂ ਵਿੱਚ ਜੇਕਰ ਕਿਸੇ ਰਾਜਨੀਤਿਕ ਦਲ ਨੂੰ ਬਹੁਮਤ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਵਿਰੋਧੀ ਦਲ ਦੇ ਰੂਪ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹਨ ਤੇ ਸਰਕਾਰ ਨੂੰ ਅਜਿਹਾ ਕੰਮ ਕਰਨ ਤੋਂ ਰੋਕਦੇ ਹਨ ਜੋ ਲੋਕਾਂ ਦੇ ਵਿਰੁੱਧ ਹੋਵੇ

ਪ੍ਰਸ਼ਨ. 4. ਬਹੁਦਲ ਪ੍ਰਣਾਲੀ ਦੇ ਚਾਰ ਗੁਣ ਲਿਖੋ?

ਉਤਰ 1.ਬਹੁਦਲ ਪ੍ਰਣਾਲੀ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਪ੍ਰਤਿਨਿਦਤਾ ਮਿਲ ਜਾਂਦੀ ਹੈ | ਇਸ ਨਾਲ ਸਹੀ ਅਰਥਾਂ ਵਿੱਚ ਲੋਕਤੰਤਰ ਦੀ ਸਥਾਪਨਾ ਹੁੰਦੀ ਹੈ

2. ਬਹੁਦਲ ਪ੍ਰਣਾਲੀ ਹੋਣ ਕਾਰਨ ਮਤਦਾਤਾਵਾ ਨੂੰ ਵੋਟ ਕਰਨ ਦੀ ਵਧੇਰੇ ਆਜ਼ਾਦੀ ਮਿਲ ਜਾਂਦੀ ਹੈ |

3. ਮਤਦਾਤਾਵਾਂ ਨੂੰ ਆਪਣੀ ਵਿਚਾਰਧਾਰਾ ਨਾਲ ਮਿਲਦੇ ਰਾਜਨੀਤਿਕ ਦਲ ਨੂੰ ਵੋਟ ਦੇਣੀ ਆਸਾਨ ਹੋ ਜਾਂਦੀ

4.ਮੰਤਰੀ ਮੰਡਲ ਤਾਨਾਸ਼ਾਹ ਨਹੀਂ ਬਣ ਸਕਦਾ ਕਿਉਂਕਿ ਇਕ ਰਾਜਨੀਤਿਕ ਦਲ ਦੀ ਸਰਕਾਰ ਨਹੀਂ ਬਣਦੀ, ਅਨੇਕਾਂ ਦਲ ਮਿਲ ਕੇ ਸਰਕਾਰ ਬਣਾਉਦੇ ਹਨ

## ਹਿੱਤ ਸਮੂਹ ਅਤੇ ਦਬਾਉ ਸਮੂਹ

1. ਹਿੱਤ ਸਮੂਹ ਅਤੇ ਦਬਾਉ ਸਮੂਹਾਂ ਵਿੱਚ ਅੰਤਰ ਦੱਸੋ।

ਉੱਤਰ੍ ਜਦ ਕਿਸੇ ਪੇਸ਼ੇ ਜਾਂ ਵਰਗ ਦੇ ਲੋਕ ਆਪਣੇ ਵਿਸ਼ੇਸ਼ ਹਿੱਤਾਂ ਦੀ ਰਾਖੀ ਲਈ ਕਿਸੇ ਰਸਮੀ ਸੰਗਠਨ ਦੀ ਸਥਾਪਨਾ ਕਰਦੇ ਹਨ ਤਾਂ ਉਸ ੱ ਹਿੱਤ ਸਮੂਹ ਕਹਿੰਦੇ ਹਨ। ਜਦ ਕੋਈ ਹਿੱਤ ਸਮੂਹ ਆਪਣੇ ਹਿੱਤ ੱ ਬੜ੍ਹਾਵਾ ਦੇਣ ਜਾਂ ਲਾਭ ਪ੍ਰਾਪਤ ਕਰਨ ਲਈ ਸਰਕਾਰ ਦੀਆਂ ਨੀਤੀਆਂ ੱ ਪ੍ਰਭਾਵਿਤ ਕਰਨ ਜਾਂ ਉਸ ਤ੍ਹੋ ਸਹਾਇਤਾ ਪ੍ਰਾਪਤ ਕਰਨ ਦਾ ਜਤਨ ਕਰਦਾ ਹੈ ਤਾਂ ਉਸ ੱ ਦਬਾਓ ਸਮੂਹ ਕਹਿੰਦੇ ਹਨ। ਅਕਸਰ ਹਿੱਤ ਸਮੂਹ ਦਬਾਉ ਸਮੂਹਾਂ ਦੇ ਰੂਪ ਵਿੱਚ ਕਾਰਜ ਕਰਦੇ ਹਨ।

2. ਦਬਾਉ ਸਮੂਹਾਂ ਅਤੇ ਰਾਜਨੀਤਿਕ ਦਲਾਂ ਵਿੱਚ ਚਾਰ ਅੰਤਰ ਲਿਖੋ।

ਉੱਤਰ੍1. ਦਬਾਉ ਸਮੂਹਾਂ ਦੀ ਤੁਲਨਾ ਵਿੱਚ ਰਾਜਨੀਤਿਕ ਦਲਾਂ ਦਾ ਸੰਗਠਨ ਜ਼ਿਆਦਾ ਵਪਾਰਕ ਅਤੇ ਵਿਸਤਰਿਤ ਹੁੰਦਾ ਹੈ।

ਰਾਜਨੀਤਿਕ ਦਲ ਦੇਸ਼ ਦੀ ਰਾਜਨੀਤੀ ਵਿੱਚ ਖੁੱਲ੍ਹੇ ਰੂਪ ਨਾਲ ਭਾਗ ਲੈਂਦੇ ਹਨ ਜਦ ਕਿ ਦਬਾਉ ਸਮੂਹ ਦੇਸ਼ ਦੀ ਰਾਜਨੀਤੀ ਵਿੱਚ ਲੁਕ੍ਛਿਪ ਕੇ ਭਾਗ ਲੈਂਦੇ ਹਨ।

2. ਰਾਜਨੀਤਿਕ ਦਲਾਂ ਵਿੱਚ ਸਾਰੇ ਵਰਗਾਂ, ਧਰਮਾਂ ਅਤੇ ਪੇਸ਼ਿਆਂ ਦੇ ਲੋਕ ਸ਼ਾਮਿਲ ਹੁੰਦੇ ਹਨ। ਇਸ ਦੇ ਉਲਟ ਹਿੱਤ ਜਾਂ ਦਬਾਉ ਸਮੂਹ ਵਿੱਚ ਸਿਰਫ ਇੱਕ ਹੀ ਵਰਗ ਜਾਂ ਪੇਸ਼ੇ ਨਾਲ ਸੰਬੰਧ ਰੱਖਣ ਵਾਲੇ ਲੋਕ ਸ਼ਾਮਿਲ ਹੁੰਦੇ ਹਨ।

3. ਰਾਜਨੀਤਿਕ ਦਲਾਂ ਦਾ ਉਦੇਸ਼ ਸਰਕਾਰ ਤੇ ਕੰਟਰੋਲ ਸਥਾਪਿਤ ਕਰਨਾ ਹੁੰਦਾ ਹੈ ਜਦ ਕਿ ਦਬਾਉ ਸਮੂਹਾਂ ਦਾ ਉਦੇਸ਼ ਆਪਣੇ ਹਿੱਤਾਂ ਦੀ ਰੱਖਿਆ ਲਈ ਨੀਤੀ੍ ਨਿਰਮਾਣ ਕਰਨ ਵਾਲਿਆਂ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ।

4. ਰਾਜਨੀਤਿਕ ਦਲ ਆਪਣੇ ਉਦੇਸ਼ ਦੀ ਪ੍ਰਾਪਤ ਲਈ ਸੰਵਿਧਾਨਕ ਸਾਧਨਾਂ ਦਾ ਪ੍ਰਯੋਗ ਕਰਦੇ ਹਨ ਜਦ ਕਿ ਦਬਾਉ ਸਮੂਹ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਸੰਵਿਧਾਨਕ ਅਤੇ ਗੈਰ੍ਸੰਵਿਧਾਨਿਕ ਦੋਵ੍ਹੇ ਪ੍ਰਕਾਰ ਦੇ ਸਾਧਨਾਂ ਦਾ ਪ੍ਰਯੋਗ ਕਰਦੇ ਹਨ।

3. ਲਾਬੀਇੰਗ ਤੋ ਕੀ ਭਾਵ ਹੈ?

ਉੱਤਰ੍ ਲਾਬੀਇੰਗ ਇਕ ਵਿਧੀ ਹੈ ਜਿਸ ਦਾ ਪ੍ਰਯੋਗ ਦਬਾਉ ਸਮੂਹਾਂ ਦੁਆਰਾ ਆਪਣੇ ਹਿੱਤਾਂ ਦੀ ਰਾਖੀ ਲਈ ਕੀਤਾ ਜਾਂਦਾ ਹੈ। ਇਸ ਵਿੱਧੀ ਅਧੀਨ ਦਬਾਉ ਸਮੂਹਾਂ ਦੀ ਅਧਿਕਾਰੀ ਵਿਧਾਨਕਾਰਾਂ, ਮੰਤਰੀਆਂ ਅਤੇ ਵੱਖ੍ਵੱਖ ਅਧਿਕਾਰੀਆਂ ਮਿਲਦੇ ਹਨ। ਉਹਨਾਂ ਦਲੀਲ ਸਹਿਤ ਆਪਣੇ ਪੱਖ ਵਿੱਚ ਕਰਨ ਦਾ ਯਤਨ ਕਰਦੇ ਹਨ। ਉਹ ਸੰਬੰਧਿਤ ਅਧਿਕਾਰੀਆਂ ਆਪਣੇ ਹੱਕ ਵਿੱਚ ਕਾੱਨ ਪਾਸ ਕਰਨ ਲਈ ਪ੍ਰਭਾਵਿਤ ਵੀ ਕਰਦੇ ਹਨ।ਇਸ ਤੋ ਇਲਾਵਾ ਕਈ ਵਾਰੀ ਦਬਾਉ ਸਮੂਹ ਬਹੁਤ ਸਾਰੇ ਵੋਟਰਾ ਦੇ ਦਸਤਖ਼ਤ ਕਰਵਾ ਕੇ ਅਤੇ ਮਹੱਤਵਪੂਰਨ ਵਿਅਕਤੀਆਂ ਕੋਲੋ ਚਿੱਠੀਆਂ ਆਦਿ ਲਿਖਵਾ ਕੇ ਸਰਕਾਰੀ ਅਧਿਕਾਰੀਆਂ ੱ ਆਪਣੇ ਹੱਕ ਵਿੱਚ ਮਰਨ ਦਾ ਯਤਨ ਕਰਦੇ ਹਨ।

4. ਜਾਤੀ ਦਬਾਉ ਸਮੂਹ ਕੀ ਹੁੰਦੇ ਹਨ?

ਉੱਤਰ੍ ਵੱਖ੍ ਵੱਖ ਜਾਤੀਆਂ ਦੇ ਹਿੱਤਾਂ ਦੀ ਰਾਖੀ ਲਈ ਬਣਾਏ ਗਏ ਦਬਾਉ ਸਮੂਹਾਂ ਜਾਤੀ ਦਬਾਉ ਸਮੂਹ (Caste pressure Groups) ਕਿਹਾ ਜਾਂਦਾ ਹੈ। ਭਾਰਤੀ ਸਮਾਜ ਵਿਚ ਅਨੇਕਾਂ ਜਾਤੀਆਂ ਦੇ ਲੋਕ ਰਹਿੰਦੇ ਹਨ ਅਤੇ ਵੱਖ੍ ਵੱਖ ਜਾਤੀਆਂ ਦੁਆਰਾ ਆਪਣੇ ਹਿੱਤਾਂ ਦੀ ਰਾਖੀ ਲਈ ਅਨੇਕਾਂ ਜਾਤੀ ਦਬਾਉ ਸਮੂਹਾਂ ਦਾ ਗਠਨ ਕੀਤਾ ਗਿਆ ਹੈ ਅਤੇ

ਦਿਨ੍ਰਪ੍ਰਤੀਦਿਨ ਅਜਿਹੇ ਸਮੂਹਾਂ ਦੀ ਗਿਣਤੀ ਵੱਧ ਰਹੀ ਹੈ। ਅਨਸੂਚਿਤ ਜਾਤੀ ਸੰਘ (Schedule Caste Federation) ਜਾਟ ਸਭਾ (Jat Sabha) , ਰਾਜਪੂਤ ਸਭਾ (Rajput Sabha), ਪ੍ਰਜਾਪੱਤ ਸਭਾ (Parjapat Sabha) ਆਦਿ ਦਬਾਉ ਸਮੂਹਾਂ ਅਸੀ ਜਾਤੀ ਦਬਾਉ ਸਮੂਹਾਂ ਦੀ ਸ੍ਰੇਣੀ ਵਿੱਚ ਸ਼ਾਮਲ ਕਰ ਸਕਦੇ ਹਾਂ।

## ਸੰਸਦੀ ਪ੍ਰਣਾਲੀ

**ਪ੍ਰਸਨ. ਸੰਸਦੀ ਸਰਕਾਰ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ - ਸੰਸਦੀ ਸਰਕਾਰ ਵਿਚ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿਚ ਡੂੰਘਾ ਸੰਬੰਧ ਹੁੰਦਾ ਹੈ। ਸੰਸਦੀ ਸਰਕਾਰ ਸ਼ਾਸਨ ਦੀ ਉਹ ਪ੍ਰਣਾਲੀ ਹੈ ਜਿਸ ਵਿਚ ਕਾਰਜਪਾਲਿਕਾ (ਮੰਤਰੀ ਮੰਡਲ) ਆਪਣੇ ਸਮੁਚੇ ਕੰਮਾਂ ਦੇ ਲਈ ਵਿਧਾਨਪਾਲਿਕਾ (ਸੰਸਦ) ਦੇ ਸਾਹਮਣੇ ਜਵਾਬਦੇਹ ਹੁੰਦੀ ਹੈ ਅਤੇ ਤਦ ਤਕ ਆਪਣੇ ਅਹੁਦੇ 'ਤੇ ਰਹਿੰਦੀ ਹੈ, ਜਦ ਤਕ ਇਸਨੂੰ ਸੰਸਦ ਦਾ ਵਿਸ਼ਵਾਸ ਪ੍ਰਾਪਤ ਰਹਿੰਦਾ ਹੈ। ਇਸ ਸਮੇਂ ਕਾਰਜਪਾਲਿਕਾ ਸੰਸਦ ਦਾ ਵਿਸ਼ਵਾਸ ਗੁਆ ਬੈਠੇ ਤਦ ਕਾਰਜਪਾਲਿਕਾ ਨੂੰ ਅਸਤੀਫ਼ਾ ਦੇਣਾ ਪੈਂਦਾ ਹੈ। ਸੰਸਦੀ ਸਰਕਾਰ ਨੂੰ ਜਵਾਬਦੇਹ ਸਰਕਾਰ ਵੀ ਕਿਹਾ ਜਾਂਦਾ ਹੈ, ਕਿਉਂਕਿ ਇਸ ਵਿਚ ਸਰਕਾਰ ਆਪਣੇ ਸਮੁੱਚੇ ਕਾਰਜਾਂ ਲਈ ਜਵਾਬਦੇਹ ਹੁੰਦੀ ਹੈ। ਇਸ ਸਰਕਾਰ ਨੂੰ ਕੈਬਨਿਟ ਸਰਕਾਰ ਵੀ ਕਿਹਾ ਜਾ ਸਕਦਾ ਹੈ। ਕਿਉਂਕਿ ਇਸ ਵਿਚ ਕਾਰਜਪਾਲਿਕਾ ਦੀਆਂ ਸ਼ਕਤੀਆਂ ਕੈਬਨਿਟ ਰਾਹੀਂ ਵਰਤੀਆਂ ਜਾਂਦੀਆਂ ਹਨ।

ਡਾ. ਗਾਰਨਰ (Dr. Garner) ਦੇ ਅਨੁਸਾਰ, 'ਸੰਸਦੀ ਸਰਕਾਰ ਉਹ ਪ੍ਰਣਾਲੀ ਹੈ, ਜਿਸ ਵਿਚ ਵਾਸਤਵਿਕ ਕਾਰਜਪਾਲਿਕਾ ਮੰਤਰੀ-ਮੰਡਲ ਜਾਂ ਮੰਤਰੀ ਪਰਿਸ਼ਦ ਆਪਣੀਆਂ ਰਾਜਨੀਤਿਕ ਨੀਤੀਆਂ ਅਤੇ ਕੰਮਾਂ ਦੇ ਲਈ ਪ੍ਰਤੱਖ ਅਤੇ ਕਾਨੂੰਨੀ ਤੌਰ ਤੇ ਵਿਧਾਨ ਮੰਡਲ ਜਾਂ ਉਸ ਦੇ ਇਕ ਸਦਨ ਦੇ ਸਾਹਮਣੇ ਅਤੇ ਰਾਜਨੀਤਿਕ ਤੌਰ 'ਤੇ ਵੋਟਰਾਂ ਦੇ ਪ੍ਰਤੀ ਜਵਾਬਦੇਹ ਹੋਵੇ। ਜਦਕਿ ਰਾਜ ਦਾ ਮੁਖੀ ਸੰਵਿਧਾਨਿਕ ਜਾਂ ਨਾਂ-ਮਾਤਰ ਕਾਰਜਪਾਲਿਕਾ ਹੋਵੇ ਅਤੇ ਜਵਾਬਦੇਹ ਹੋਵੇ। ਇਸ ਮਤ ਤੋਂ ਸਪੱਸ਼ਟ ਹੈ ਕਿ ਸੰਸਦੀ ਸਰਕਾਰ ਵਿਚ ਮੰਤਰੀ ਆਪਣੇ ਕੰਮਾਂ ਦੇ ਲਈ ਸੰਸਦ ਦੇ ਸਾਹਮਣੇ ਜਵਾਬਦੇਹ ਹੈ।

**ਪ੍ਰਸ਼ਨ 2. ਭਾਰਤੀ ਸੰਸਦ ਪ੍ਰਣਾਲੀ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ।**

ਉੱਤਰ - ਭਾਰਤੀ ਸੰਸਦ ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ -

1. **ਨਾਂ-ਮਾਤਰ ਅਤੇ ਵਾਸਤਵਿਕ ਕਾਰਜਪਾਲਿਕਾ ਵਿਚ ਭੇਦ**-ਭਾਰਤੀ ਸੰਸਦੀ ਲੋਕਤੰਤਰ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਸੰਵਿਦਾਨ ਦੇ ਅਦੀਨ ਨਾਂ-ਮਾਤਰ ਅਤੇ ਵਾਸਤਵਿਕ ਕਾਰਜਪਾਲਿਕਾ ਵਿਚ ਭੇਜ ਰੱਖਿਆ ਗਿਆ ਹੈ। ਰਾਸ਼ਟਰੀ ਰਾਜ ਦਾ ਨਾਂ-ਮਾਤਰ ਪ੍ਰਧਾਨ ਹੈ ਜਦੋਂ ਕਿ ਅਸਲੀ ਕਾਰਜਪਾਲਿਕਾ ਮੰਤਰੀ-ਮੰਡਲ ਹੈ।
2. **ਕਾਰਜਪਾਲਿਕਾ ਅਤੇ ਲੋਕ ਸਬਾ ਵਿਚ ਗੂੜ੍ਹਾ ਸੰਬੰਧ** - ਕਾਰਜਪਾਲਿਕਾ ਅਤੇ ਸੰਸਦ ਵਿਚ ਗੂੜੇ ਸੰਬੰਧ ਹਨ, ਮੰਤਰੀ-ਮੰਡਲ ਦੇ ਸਾਰੇ ਮੈਂਬਰ ਪਾਰਲੀਮੈਂਟ ਦੇ ਮੈਂਬਰ ਹੁੰਦੇ ਹਨ।
3. **ਪ੍ਰਧਾਨ ਮੰਤਰੀ ਦੀ ਅਗਵਾਈ** - ਸੰਵਿਧਾਨ ਵਿਚ ਇਹ ਵਿਵਸਧਾ ਹੈ ਕਿ ਪ੍ਰਧਾਨ ਮੰਤਰੀ ਮੰਤਰੀ ਪਰਿਸ਼ਦ ਦਾ ਪ੍ਰਧਾਨ ਹੋਵੇਗਾ। ਪ੍ਰਧਾਨ ਮੰਤਰੀ ਦੀ ਇੱਛਾ ਨਾਲ ਹੀ ਹੋਰ ਮੰਤਰੀ ਨਿਯੁਕਤ ਕੀਤੇ ਜਾਂਦੇ ਹਨ। ਪ੍ਰਧਾਨ ਮੰਤਰੀ ਆਪਣੀ ਇੱਛਾ ਅਨੁਸਾਰ ਕਿਸੇ ਵੀ ਮੰਤਰੀ ਤੋਂ ਅਸਤੀਪੇ ਦੀ ਮੰਗ ਕਰ ਸਕਦਾ ਹੈ।
4. **ਮੰਤਰੀ ਪਰਿਸ਼ਦ 'ਤੇ ਸੰਸਦ ਦਾ ਨਿਯੰਤਰਨ** - ਸੰਸਦੀ ਸ਼ਾਸਨ ਪ੍ਰਣਾਲੀ ਵਿਚ ਮੰਤਰੀ ਪਰਿਸ਼ਦ ਨੂੰ ਵਿਧਾਨ ਮੰਡਲ ਦੇ ਨਿਯੰਤਰਨ ਅਧੀਨ ਕੰਮ ਕਰਨਾ ਪੈਂਦਾ ਹੈ। ਭਾਰਤ ਵਿਚ ਸੰਸਦ ਮੈਂਬਰ ਅਨੇਕ ਵਿਧੀਆਂ ਦੁਆਰਾ ਮੰਤਰੀ ਪਰਿਸ਼ਦ 'ਤੇ ਨਿਯੰਤਰਨ ਰੱਖਦੇ ਹਨ।

## ਭਾਰਤੀ ਲੋਕਤੰਤਰ ਅਤੇ ਇਸ ਦੀਆਂ ਸਮੱਸਿਆਵਾਂ

ਪ੍ਰਸ਼ਨ 1: ਭਾਰਤੀ ਲੋਕਤੰਤਰ ਦੀਆਂ ਕੋਈ ਚਾਰ ਸਮੱਸਿਆਵਾਂ ਲਿਖੋ?

ਉਤਰ : 1. **ਬਹੁਦਲੀ ਪ੍ਰਣਾਲੀ** ਦੀ ਹੋਂਦ ਕਾਰਨ ਭਾਰਤ ਵਿੱਚ ਸਰਕਾਰ ਬਣਾਉਣ ਦੀ ਸਮੱਸਿਆ ਆਉਦੀ ਹੈ।ਕਿਸੇ ਵੀ ਸਮੇਂ ਸਰਕਾਰ ਟੁੱਟਣ ਦਾ ਖਤਰਾ ਬਣਿਆ ਰਹਿੰਦਾ ਹੈ,ਵਿਰੋਧੀ ਧਿਰ ਕਮਜੋਰ ਹੁੰਦੀ ਹੈ,ਖੇਤਰੀ ਦਲਾਂ ਦੀ ਬਹੁਲਤਾ ਹੁੰਦੀ ਹੈ ਅਤੇ ਉਚਿਤ ਵਿਕਲਪ ਦੀ ਕਮੀ ਹੁੰਦੀ ਹੈ।2.**ਰਾਜਨੀਤਿਕ ਦਲ ਬਦਲੀ ਦੀ ਸਮੱਸਿਆ** ਖਤਮ ਕਰਨ ਲਈ ਭਾਰਤੀ ਸੰਸਦ ਵਲੋਂ ਕਾਨੂੰਨ ਬਣਾਇਆਗਿਆ ਹੈ ਫਿਰ ਵੀ ਇਹ ਸੰਸਦੀ ਸਰਕਾਰ ਨੂੰ ਪ੍ਰਭਾਵਿਤ ਕਰਦੀ ਹੈ।ਰਾਜਨੀਤਿਕ ਦਲ ਬਦਲੀ ਮੌਕਾ-ਪ੍ਰਸਤਵਾਦ ਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਸਰਕਾਰ ਦੀ ਸਥਿਰਤਾ ਲਈ ਖਤਰਾ ਬਣਦੀਹੈ।3.**ਵੱਖਵਾਦ** ਭਾਰਤ ਵਿੱਚ ਕੁੱਝ ਵੱਖਵਾਦੀ ਸੰਗਠਨ ਜਾਂ ਅੰਦੋਲਨ ਭਾਰਤ ਤੋਂ ਵੱਖ ਹੋਣ ਦੀ ਮੰਗ ਕਰਦੇ ਹਨ ।ਇਹਵੱਖਵਾਦੀ ਸੰਗਠਨ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਬਣੇ ਹੋਏ ਹਨ।ਦੇਸ਼ ਦੀ ਏਕਤਾ ਅਤੇਅਖੰਡਤਾ ਨੂੰ ਬਣਾਈ ਰੱਖਣ ਲਈ ਅਜਿਹੇ ਅੰਦੋਲਨਾਂ ਨੂੰ ਸਖਤੀ ਨਾਲ ਦਬਾਏ ਜਾਣ ਦੀ ਲੋੜ ਹੈ ।4.**ਰਾਜਨੀਤੀ ਦਾ ਅਪਰਾਧੀਕਰਣ** ਭਾਰਤ ਵਿੱਚ ਚੋਣਾਂ ਸਮੇਂ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਦਾ ਪੂਰਾ ਬੋਲਬਾਲਾ ਹੁੰਦਾ ਹੈ।ਇਹ ਵਿਅਕਤੀ ਚੋਣਾਂ ਸਮੇਂ ਪੂਰੀ ਹਿੰਸਾ ਕਰਦੇ ਹਨ ਫਿਰ ਇਹ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਪਹੁੰਚ ਕੇ ਅਪਰਾਧੀਕਰਣ ਨੂੰ ਬੜਾਵਾ ਦਿੰਦੇ ਹਨ ਜੋ ਲੋਕਤੰਤਰ ਲਈ ਹਾਨੀਕਾਰਕ ਹੈ

## ਪੰਚਾਇਤੀ ਰਾਜ

ਪ੍ਰਸ਼ਨ **1:-** ਭਾਰਤ ਵਿੱਚ ਪੰਚਾਇਤੀ ਰਾਜ ਦੀ ਧਾਰਨਾ ਤੋਂ ਤੁਸੀਂ ਕੀ ਸਮਝਦੇ ਹੋ **?**

ਉੱਤਰ- ਭਾਰਤ ਵਿੱਚ ਲੋਕਤੰਤਰ ਨੂੰ ਘਰ ਘਰ ਪਹੁੰਚਾਉਣ ਲਈ ,ਸਥਾਨਕ ਲੋੜਾਂ ਦੀ ਠੀਕ ਪੂਰਤੀ ਲਈ ,ਲੋਕਾਂ ਨੂੰ ਆਤਮ ਨਿਰਭਰ ਬਣਾਉਣ ਲਈ ਅਤੇ ਸ਼ਕਤੀਆਂ ਦਾ ਵਿਕੇਂਦਰੀਕਰਨ ਕਰਨ ਦੇ ਲਈ ਹੇਠਲੀ ਪੱਧਰ ਤੇ ਸਥਾਨਕ ਸੰਸਥਾਵਾਂ ਕਾਇਮ ਕਰਨ ਦੀ ਲੋੜ ਪਈ । ਇਸ ਲਈ ਭਾਰਤ ਵਿੱਚ ਪੰਚਾਇਤੀ ਰਾਜ ਦੀ ਸਥਾਪਨਾ ਕੀਤੀ ਗਈ । ਸੰਵਿਧਾਨ ਦੀ ਧਾਰਾ 46 ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਪਿੰਡਾਂ ਵਿੱਚ ਪੰਚਾਇਤਾਂ ਦੇ ਗਠਨ ਲਈ ਕਦਮ ਚੁੱਕੇਗਾ ਅਤੇ ਉਨ੍ਹਾਂ ਨੂੰ ਅਜਿਹੀਆਂ ਸ਼ਕਤੀਆਂ ਪ੍ਰਦਾਨ ਕਰੇਗਾ ਜਿਸ ਨਾਲ ਉਹ ਸਵੈ ਇਕਾਈਆਂ ਦੇ ਰੂਪ ਵਿੱਚ ਕੰਮ ਕਰ ਸਕਣ। 1951 ਈ: ਵਿੱਚ ਬਲਵੰਤ ਰਾਏ ਦੀ ਕਮੇਟੀ ਦੇ ਆਧਾਰ ਤੇ ਭਾਰਤ ਵਿੱਚ ਤਿੰਨ ਪੱਧਰੀ ਪੰਚਾਇਤੀ ਰਾਜ ਦੀ ਸਥਾਪਨਾ ਕੀਤੀ ਗਈ ਹੈ ਅਤੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਲਈ 1993 ਈ: ਵਿੱਚ 73 ਵੀਂ ਸੋਧ ਕੀਤੀ ਗਈ।

ਪ੍ਰਸ਼ਨ **2:-** ਆਪਣੇ ਰਾਜ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਦੀ ਬਣਤਰ ਲਿਖੋ।

ਸੰਵਿਧਾਨ ਵਿੱਚ ਕੀਤੀ ਗਈ 73 ਵੀਂ ਸੋਧ ਅਨੁਸਾਰ ਹਰੇਕ ਰਾਜ ਵਿੱਚ ਇੱਕ ਸਾਰ ਪੰਚਾਇਤੀ ਰਾਜ ਪ੍ਰਣਾਲੀ ਨੂੰ ਲਾਗੂ ਕਰਨ ਦੀ ਸਿਫਾਰਸ਼ ਕੀਤੀ ਗਈ ਅਤੇ ਹਰੇਕ ਰਾਜ ਨੂੰ ਇਹ ਨਿਰਦੇਸ਼ ਦਿੱਤਾ ਗਿਆ ਕਿ ਉਹ ਆਪਣਾ ਕਾਨੂੰਨ ਲਾਗੂ ਕਰਕੇ ਆਪਣੇ ਰਾਜ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਦੀ ਸਥਾਪਨਾ ਕਰੇ । ਇਸ ਨੂੰ ਧਿਆਨ ਵਿੱਚ ਰੱਖ ਕੇ ਪੰਜਾਬ ਵਿਧਾਨ ਸਭਾ ਦੁਆਰਾ ਪੰਜਾਬ ਪੰਚਾਇਤੀ ਐਕਟ ਪਾਸ ਕੀਤਾ ਗਿਆ ਜੋ ਕਿ 21 ਅਪ੍ਰੈਲ 1993 ਨੂੰ ਇੱਕ ਨੋਟੀਫਿਕੇਸ਼ਨ

ਪਾਸ ਕਰਕੇ ਲਾਗੂ ਕਰ ਦਿੱਤਾ ਗਿਆ । ਇਸ ਕਾਨੂੰਨ ਅਧੀਨ ਪੰਜਾਬ ਵਿੱਚ ਤਿੰਨ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ ।

1. ਪਿੰਡ ਪੱਧਰ ਤੇ ਗ੍ਰਾਮ ਸਭਾ ਅਤੇ ਗ੍ਰਾਮ ਪੰਚਾਇਤ ।
2. ਬਲਾਕ ਪੱਧਰ ਤੇ ਪੰਚਾਇਤ ਸੰਮਤੀ ।
3. ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪ੍ਰੀਸ਼ਦ ।

ਪ੍ਰਸ਼ਨ **3:-** ਗ੍ਰਾਮ ਸਭਾ ਦੀ ਬਣਤਰ ਲਿਖੋ ਜਾਂ
ਗ੍ਰਾਮ ਸਭਾ ਕਿਸ ਨੂੰ ਕਹਿੰਦੇ ਹਨ

ਉੱਤਰ – ਗ੍ਰਾਮ ਸਭਾ ਪੰਚਾਇਤੀ ਰਾਜ ਪ੍ਰਣਾਲੀ ਦੀ ਆਧਾਰਸ਼ਿਲਾ ਹੈ । ਪੰਚਾਇਤ ਦੇ ਖੇਤਰ ਵਿੱਚ ਆਉਣ ਵਾਲੇ ਸਾਰੇ ਬਾਲਗ ਜਿਨ੍ਹਾਂ ਦੀ ਉਮਰ 18 ਸਾਲ ਹੁੰਦੀ ਹੈ ਜਾਂ ਇਸ ਤੋਂ ਵੱਧ ਹੁੰਦੀ ਹੈ ਅਤੇ ਉਨ੍ਹਾਂ ਦੇ ਨਾਂ ਵੋਟਰ ਸੂਚੀ ਵਿੱਚ ਸ਼ਾਮਲ ਹੁੰਦੇ ਹਨ , ਗ੍ਰਾਮ ਸਭਾ ਦੇ ਮੈਂਬਰ ਹੁੰਦੇ ਹਨ । ਸਬੰਧਿਤ ਪੰਚਾਇਤ ਦਾ ਸਰਪੰਚ ਗ੍ਰਾਮ ਸਭਾ ਦਾ ਸਭਾਪਤੀ ਹੁੰਦਾ ਹੈ । ਗ੍ਰਾਮ ਸਭਾ 2/3 ਬਹੁਮਤ ਨਾਲ ਮਤਾ ਪਾਸ ਕਰਕੇ ਸਭਾਪਤੀ ਨੂੰ ਅਹੁਦੇ ਤੋਂ ਵੱਖ ਕਰ ਸਕਦੀ ਹੈ । ਗ੍ਰਾਮ ਸਭਾ ਦੀਆਂ ਸਾਲ ਵਿੱਚ ਦੋ ਮੀਟਿੰਗਾਂ ਹੋਣੀਆਂ ਜ਼ਰੂਰੀ ਹਨ ਅਤੇ ਪੰਜਾਬ ਵਿੱਚ ਇਹ ਮੀਟਿੰਗ ਹਾੜ੍ਹੀ ਅਤੇ ਸਾਉਣੀ ਦੀ ਫਸਲ ਵੇਲੇ ਬੁਲਾਈਆਂ ਜਾਂਦੀਆਂ ਹਨ । ਗ੍ਰਾਮ ਸਭਾ ਦੀਆਂ ਮੀਟਿੰਗਾਂ ਵਿਚ ਮੈਂਬਰਾਂ ਦਾ 1/5 ਕੋਰਮ ਹੋਣਾ ਜ਼ਰੂਰੀ ਹੈ ।

ਪ੍ਰਸ਼ਨ **5:-** ਸਰਪੰਚ ਅਤੇ ਪੰਚ ਦੀ ਚੋਣ ਕਿਵੇਂ ਹੁੰਦੀ ਹੈ **?**

ਉੱਤਰ - ਗ੍ਰਾਮ ਪੰਚਾਇਤ ਦੇ ਸਰਪੰਚ ਦੀ ਚੋਣ ਪੂਰੇ ਪਿੰਡ ਦੇ ਲੋਕ ਸਰਵਜਨਕ ਬਾਲਗ ਮੱਤ ਅਧਿਕਾਰ ਦੇ ਆਧਾਰ ਤੇ ਪ੍ਰਤੱਖ ਤੌਰ ਤੇ ਕਰਦੇ ਹਨ । ਗ੍ਰਾਮ ਪੰਚਾਇਤ ਵਿੱਚ ਮੈਂਬਰਾਂ ਦੀ ਚੋਣ ਲਈ ਪੂਰੇ ਪਿੰਡ ਨੂੰ ਉਨੇਂ ਵਾਰਡਾਂ ਵਿੱਚ ਵੰਡ ਲਿਆ ਜਾਂਦਾ ਹੈ ਜਿੰਨੇ ਮੈਂਬਰ ਉਸ ਪਿੰਡ ਵਿੱਚ ਚੁਣੇ ਜਾਣੇ ਹਨ । ਹਰ ਇੱਕ ਵਾਰਡ ਵਿੱਚੋਂ ਇੱਕ ਮੈਂਬਰ ਚੁਣਿਆ ਜਾਂਦਾ ਹੈ ਜਿਨ੍ਹਾਂ ਨੂੰ ਵਾਰਡ ਦੇ ਲੋਕ ਪ੍ਰਤੱਖ ਤੌਰ ਤੇ ਚੁਣਦੇ ਹਨ ।

ਪ੍ਰਸ਼ਨ **6:-** ਗ੍ਰਾਮ ਪੰਚਾਇਤ ਦਾ ਮੈਂਬਰ ਬਨਣ ਲਈ ਯੋਗਤਾਵਾਂ ਦਸੋ **।**

ਉੱਤਰ–

1. ਉਹ ਵਿਅਕਤੀ ਭਾਰਤ ਦਾ ਨਾਗਰਿਕ ਹੋਣਾ ਚਾਹੀਦਾ ਹੈ ।
2. ਉਸ ਦਾ ਨਾਂ ਸਬੰਧਤ ਪਿੰਡ ਦੀ ਵੋਟਰ ਸੂਚੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ।
3. ਉਸ ਦੀ ਉਮਰ ਘੱਟ ਤੋਂ ਘੱਟ 21 ਸਾਲ ਹੋਣੀ ਚਾਹੀਦੀ ਹੈ ।
4. ਉਹ ਸਰਕਾਰੀ ਕਰਮਚਾਰੀ ਨਹੀਂ ਹੋਣਾ ਚਾਹੀਦਾ ।
5. ਉਸ ਨੂੰ ਅਦਾਲਤ ਦੁਆਰਾ ਕੋਈ ਸਜਾ ਨਹੀਂ ਦਿੱਤੀ ਹੋਣੀ ਚਾਹੀਦੀ ।

# ਰਾਸ਼ਟਰੀ ਰਾਜਨੀਤਿਕ ਦਲ-ਨੀਤੀਆਂ ਅਤੇ ਪ੍ਰੋਗਰਾਮ

1.ਭਾਰਤ ਦੇ ਚਾਰ ਰਾਸ਼ਟਰੀ ਰਾਜਨੀਤਿਕ ਦਲਾਂ ਦੇ ਨਾਂ ਅਤੇ ਚੋਣ ਨਿਸ਼ਾਨ ਲਿਖੋ?

ਉਤੱਰ-ਭਾਰਤੀ ਰਾਸ਼ਟਰੀ ਕਾਂਗਰਸ (ਹੱਥ ਪੰਜਾ)

2.ਭਾਰਤੀ ਜਨਤਾ ਪਾਰਟੀ (ਕਮਲ ਦਾ ਫੁੱਲ)

3.ਭਾਰਤੀ ਕਮਿਊਨਿਸਟ ਪਾਰਟੀ (ਦਾਤੀ ਹਥੌੜਾ)

4.ਆਮ ਆਦਮੀ ਪਾਰਟੀ ਪਾਰਟੀ (ਝਾੜੂ)

2.ਭਾਰਤੀ ਕਾਂਗਰਸ ਪਾਰਟੀ ਦੀ ਸਥਾਪਨਾ ਕਦੋ ਹੋਈ ਕਾਂਗਰਸ ਪਾਰਟੀ ਦੀਆਂ 4 ਨੀਤੀਆਂ ਦਾ ਵਰਣਨ ਕਰੋ?

ਉਤੱਰ-ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ 1885 ਵਿਚ ਇਕ ਅੰਗਰੇਜ ਅਫਸਰ ਏ ਓ ਹਿਊਮ ਦੁਆਰਾ ਕੀਤੀ ਗਈ ਸੀ।ਕਾਂਗਰਸ ਪਾਰਟੀ ਦਾ ਚੋਣ ਨਿਸ਼ਾਨ ਹੱਥ ਪੰਜਾ ਹੈ।ਕਾਂਗਰਸ ਪਾਰਟੀ ਦੇ ਵਰਤਮਾਨ ਪ੍ਰਧਾਨ ਸ੍ਰੀ ਮਤੀ ਸੋਨੀਆ ਗਾਂਧੀ ਹਨ।

ਕਾਂਗਰਸ ਪਾਰਟੀ ਦੀਆਂ ਨੀਤੀਆਂ-:

1.ਕਿਸਾਨ ਅਤੇ ਖੇਤ ਮਜਦੂਰਾਂ ਲਈ ਨਹਿਰੀ ਪਾਣੀ ਦੀ ਪੂਰਤੀ ਅਤੇ ਸਸਤੇ ਕਰਜ ਦੀ ਵਿਵਸਥਾ ਕਰਨਾ।2.ਨਵੀਂ ਤਕਨੀਕ ਰਾਹੀਂ ਉਦਯੋਗਿਕ ਵਿਕਾਸ ਕਰਨਾ।3.ਪੇਂਡੂ ਵਿਕਾਸ ਅਤੇ ਸਥਾਨਕ ਪੱਧਰ ਤੇ ਲੋਕਤੰਤਰ ਨੂੰ ਮਜਬੂਤ ਕਰਨਾ 4.ਨੋਜਵਾਨਾਂ ਲਈ ਰੁਜਗਾਰ ਦੇ ਮੌਕਿਆਂ ਦੀ ਵਿਵਸਥਾ ਕਰਨਾ। 5.ਨਿਜੀ ਪੂੰਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨਾ।6.ਅਨੂਸੂਚਿਤ ਜਾਤੀ ਜਨਜਾਤੀ ਕਬੀਲਿਆਂ ਅਤੇ ਘੱਟ ਗਿਣਤੀ ਦੇ ਹਿੱਤਾਂ ਦੀ ਰਾਖੀ ਕਰਨਾ।

3.ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਦਾ ਵਰਣਨ ਕਰੋ?

ਉੱਤਰ-ਭਾਰਟੀ ਜਨਤਾ ਪਾਰਟੀ ਦੀ ਸਥਾਪਨਾ ਅਪ੍ਰੈਲ 1980 ਨੂੰ ਹੋਈ ਸੀ।ਭਾਰਤੀ ਜਨਤਾ ਪਾਰਟੀ ਦਾ ਚੋਣ ਨਿਸ਼ਾਨ ਕਮਲ ਦਾ ਫੁੱਲ ਹੈ।ਭਾਰਤੀ ਜਨਤਾ ਪਾਰਟੀ ਦੇ ਵਰਤਮਾਨ ਪ੍ਰਧਾਨ ਜੇ.ਪੀ ਨੱਡਾ ਹਨ।

1.ਕਿਸਾਨਾਂ ਅਤੇ ਮਜਦੂਰਾਂ ਦੀ ਆਮਦਨ ਦੁਗਣੀ ਕਰਨਾ 2.ਭਾਰਤ ਦੀਆਂ ਬਹੁਰਾਸ਼ਟਰੀ ਕੰਪਨੀਆਂ ਦਾ ਵਿਸਤਾਰ ਕਰਨਾ3.ਪੇਂਡੂ ਅਤੇ ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ 4.ਨਿਜੀ ਅਤੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨਾ।5.ਚੋਣ ਪ੍ਰਣਾਲੀ ਵਿਚ ਸੁਧਾਰ ਕਰਨੇ 6.ਨਿਆਂ ਪ੍ਰਣਾਲੀ ਵਿਚ ਸੁਧਾਰ ਅਤੇ ਫਾਸਟ ਟਰੈਕ ਕੋਰਟਾਂ ਦੀ ਸਥਾਪਨਾ 7.ਸੰਵਿਧਾਨ ਵਿਚੋਂ ਧਾਰਾ 370 ਨੂੰ ਖਤਮ ਕਰਨਾ 8.ਅਯੁਧਿਆ ਵਿਚ ਰਾਮ ਮੰਦਰ ਦਾ ਨਿਰਮਾਣ ਕਰਨਾ।

4.ਭਾਰਤੀ ਕਮਿਉਨਿਸਟ ਪਾਰਟੀ ਦੀਆਂ ਨੀਤੀਆਂ ਦਾ ਵਰਣਨ ਕਰੋ?

ਉੱਤਰ-1.ਮਜਦੂਰ ਵਰਗ ਦੇ ਅਧਿਕਾਰਾਂ ਦੀ ਰਾਖੀ ਕਰਨਾ 2.ਸਰਕਾਰੀ ਅਦਾਰਿਆਂ ਨੂੰ ਮਜਬੂਤ ਕਰਨਾ 3.ਖੇਤੀ ਉਤਪਾਦਨ ਵਿਚ ਵਾਧਾ ਕਰਨਾ 4.ਖੇਤੀਬਾੜੀ ਲਈ ਭੂਮੀ ਸੁਧਾਰ ਕਰਨਾ 5.ਛੋਟੇ ਉਦਯੋਗਾਂ ਦਾ ਵਿਕਾਸ ਕਰਨਾ 6.ਅਮੀਰੀ ਅਤੇ ਗਰੀਬੀ ਦਾ ਪਾੜਾ ਘੱਟ ਕਰਨਾ 7.ਅਨੁਸੂਚਿਤ ਜਾਤੀ ਅਤੇ ਪੱਛੜੇ ਵਰਗਾਂ ਦੇ ਹਿੱਤਾਂ ਦੀ ਰਾਖੀ 8.ਕਿਰਤੀ ਵਰਗ ਦੀ ਘੱਟ ਤੋਂ ਘੱਟ ਮਜਦੂਰੀ ਤੈਅ ਕਰਨਾ।

5.ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਤੇ ਨੋਟ ਲਿਖੋ?

ਉੱਤਰ- ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ 1920 ਵਿਚ ਹੋਈ ਸੀ।ਸ਼੍ਰੋਮਣੀ ਅਕਾਲੀ ਦਲ ਦਾ ਚੋਣ ਨਿਸ਼ਾਨ ਤੱਕੜੀ ਹੈ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ.ਸਖਬੀਰ ਬਾਦਲ ਹਨ।

ਅਕਾਲੀ ਦਲ ਦੀਆਂ ਨੀਤੀਆਂ-

1.ਸ਼੍ਰੋਮਣੀ ਅਕਾਲੀ ਦਲ ਪੰਜਾਬ ਅਤੇ ਪੰਜਾਬੀਅਤ ਦੀ ਗੱਲ ਕਰਦਾ ਹੈ 2.ਚੰਡੀਗੜ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਲਈ ਯਤਨ ਕਰਨਾ।3.ਪੰਜਾਬ ਦੇ ਪਾਣੀਆਂ ਨੂੰ ਦੂਜੇ ਸੂਬਿਆਂ ਵੱਲ ਜਾਣ ਤੋਂ ਰੋਕਣਾ।4.ਗਰੀਬਾਂ ਲਈ ਆਟਾ ਦਾਲ ਸਕੀਮ ਅਤੇ ਵਿਧਵਾ ਪੈਂਸ਼ਨ ਦੀ ਵਿਵਸਥਾ।

## ਚੋਣ ਪ੍ਰਣਾਲੀ

**ਪ੍ਰਸ਼ਨ- (ੳ) ਚੋਣ ਆਯੋਗ ਦੇ ਚਾਰ ਕੰਮ ਲਿਖੋ।**

**ਉੱਤਰ- 1.ਚੋਣਾਂ ਦਾ ਪ੍ਰਬੰਧ, ਨਿਰਦੇਸ਼ਨ ਅਤੇ ਨਿਰੀਖਣ-** ਦੇਸ਼ ਵਿੱਚ ਕਰਵਾਈਆਂ ਜਾਣ ਵਾਲੀਆਂ ਚੋਣਾਂ ਦਾ ਪ੍ਰਬੰਧ ਨਿਰਦੇਸ਼ਨ ਅਤੇ ਨਿਰੀਖਣ ਕਰਨ ਦੀ ਸਰਵ- ਉੱਚ ਸ਼ਕਤੀ ਚੋਣ ਆਯੋਗ ਕੋਲ ਹੈ।

2. **ਮੱਤਦਾਤਾ ਸੂਚੀਆਂ ਤਿਆਰ ਕਰਨਾ-** ਚੋਣ ਆਯੋਗ ਮੱਤਦਾਤਾ ਸੂਚੀਆਂ ਤਿਆਰ ਕਰਦਾ ਹੈ ਅਤੇ ਯੋਗਤਾਵਾਂ ਪੂਰੀਆਂ ਕਰਨ ਵਾਲੇ ਨਵੇਂ ਨਾਗਰਿਕਾਂ ਦੇ ਨਾਮ ਵੋਸਟਰ ਸੂਚੀਆਂ ਵਿੱਚ ਸ਼ਾਮਿਲ ਕਰਦਾ ਹੈ।

3. **ਚੋਣਾਂ ਲਈ ਮਿਤੀ ਘੋਸ਼ਿਤ ਕਰਨੀ-** ਚੋਣਾਂ ਲਈ ਮਿਤੀ ਚੋਣ ਆਯੋਗ ਦੁਆਰਾ ਘੋਸ਼ਿਤ ਕੀਤੀ ਜਾਂਦੀ ਹੈ ਅਤੇ ਚੋਣ ਆਯੋਗ ਹੀ ਨਾਮਜ਼ਾਦਗੀ ਪੱਤਰ ਭਰਨ, ਨਾਂ ਵਾਪਿਸ ਲੈਣ ਅਤੇ ਨਾਮਜ਼ਾਦਗੀ ਪੱਤਰਾਂ ਦੀ ਜਾਂਚ ਪੜਤਾਲ ਦੀ ਮਿਤੀ ਘੋਸ਼ਿਤ ਕਰਦਾ ਹੈ।

**4.ਰਾਜਨੀਤਿਕ ਦਲਾਂ ਨੂੰ ਮਾਨਤਾ ਦੇਣਾ-** ਭਾਰਤ ਵਿੱਚ ਬਹੁਤ ਸਾਰੇ ਰਾਸ਼ਟਰੀ ਅਤੇ ਖੇਤਰੀ ਦਲ ਪਾਏ ਜਾਂਦੇ ਹਨ। ਚੋਣ ਆਯੋਗ ਇੰਨ੍ਹਾਂ ਦਲਾਂ ਨੂੰ ਮਾਨਤਾ ਪ੍ਰਦਾਨ ਕਰਦਾ ਹੈ ਅਤੇ ਜੇਕਰ ਕੋਈ ਦਲ ਨਿਸ਼ਚਿਤ ਯੋਗਤਾਵਾਂ ਪੂਰੀਆਂ ਨਹੀਂ ਕਰਦਾ ਤਾਂ ਚੋਣ ਆਯੋਗ ਉਸ ਦਲ ਦੀ ਮਾਨਤਾ ਖਤਮ ਕਰ ਸਕਦਾ ਹੈ।

**ਪ੍ਰਸ਼ਨ-(ਅ) ਮੱਤਦਾਨ ਵਿਵਹਾਰ ਕਿਸ ਨੂੰ ਕਹਿੰਦੇ ਹਨ?**

**ਉੱਤਰ-** ਵਰਤਮਾਨ ਲੋਕਤੰਤਰੀ ਦੇਸ਼ਾਂ ਵਿਚ ਨਾਗਰਿਕ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਦੇ ਸਮੇਂ ਅਨੇਕਾਂ ਕਾਰਨਾਂ ਕਰਕੇ ਪ੍ਰੇਰਿਤ ਹੁੰਦਾ ਹੈ।ਜਿਹੜੇ ਕਾਰਨਾਂ ਤੋਂ ਪ੍ਰਭਾਵਿਤ ਹੋ ਕੇ ਵੋਟਰ ਕਿਸੇ ਉਮੀਦਵਾਰ ਦੇ ਹੱਕ ਜਾਂ ਵਿਰੋਧ ਵਿਚ ਵੋਟ ਪਾਉਣ ਦਾ ਫੈਸਲਾਂ ਕਰਦਾ ਹੈ, ਉਹਨਾਂ ਤੱਥਾਂ ਦੇ ਅਧਿਐਨ ਨੂੰ ਮਤਦਾਨ ਵਿਵਹਾਰ ਕਿਹਾ ਜਾਂਦਾ ਹੈ।ਵੋਟਰ ਨੂੰ ਪ੍ਰਭਾਵਿਤ ਕਰਨ ਵਾਲੇ ਅਨੇਕਾਂ ਤੱਥ ਹਨ ਜਿਵੇਂ- ਵਿਦਿਆ, ਜਾਤੀਵਾਦ, ਧਰਮ, ਖੇਤਰਵਾਦ, ਧਨ, ਦਲ ਵਫਾਦਾਰੀ, ਸਰਕਾਰ ਦੀ ਕਾਰਜਸ਼ੀਲਤਾ ਆਦਿ।

**ਪ੍ਰਸ਼ਨ-(ੲ) ਬਾਲਗ ਮੱਤ ਅਧਿਕਾਰ ਦੇ ਹੱਕ ਵਿੱਚ ਅਤੇ ਵਿਰੋਧ ਵਿੱਚ ਦਲੀਲਾਂ ਲਿਖੋ?**

**ਉੱਤਰ- ਹੱਕ ਵਿੱਚ ਦਲੀਲਾਂ-**

1. ਇਹ ਲੋਕਤੰਤਰੀ ਸਿਧਾਤਾਂ ਦੇ ਅਨੁਸਾਰ ਹੈ। 2.ਇਹ ਸਮਾਨਤਾ ਦੇ ਸਿਧਾਂਤ 'ਤੇ ਆਧਾਰਿਤ ਹੈ।3.ਨਾਗਰਿਕਾਂ ਨੂੰ ਰਾਜਨੀਤਿਕ ਸਿੱਖਿਆ ਮਿਲਦੀ ਹੈ। 4. ਹਰ ਵਿਅਕਤੀ ਟੈਕਸ ਦਿੰਦਾ ਹੈ।
   **ਵਿਰੋਧ ਵਿੱਚ ਦਲੀਲਾਂ-**
   1.ਅਨਪੜ੍ਹਾ ਨੂੰ ਵੋਟ ਦਾ ਅਧਿਕਾਰ ਨਹੀਂ ਦੇਣਾ ਚਾਹੀਦਾ। 2.ਇਸਤਰੀਆਂ ਨੂੰ ਮੱਤ ਦਾ ਅਧਿਕਾਰ ਨਹੀਂ ਦੇਣਾ ਚਾਹੀਦਾ।3. ਹਰ ਵਿਅਕਤੀ ਦੀ ਅਕਲ ਸਮਾਨ ਨਹੀਂ ਹੁੰਦੀ। 4.ਇਸ ਨਾਲ ਭ੍ਰਿਸ਼ਟਾਚਾਰ ਵਿੱਚ ਵਾਧਾ ਹੁੰਦਾ ਹੈ।

**ਪ੍ਰਸ਼ਨ-(ਸ)- ਭਾਰਤ ਵਿੱਚ ਹੇਠਲੀ ਪੱਧਰ ਦੀ ਜਨ ਸਹਿਭਾਗਤਾ ਲਈ ਜ਼ਿੰਮੇਵਾਰ ਕੋਈ ਚਾਰ ਕਾਰਨ ਲਿਖੋ।**

**ਉੱਤਰ-** 1.**ਅਨਪੜ੍ਹਤਾ** - ਭਾਰਤ ਦੀ ਕੁਲ ਵਸੋਂ ਦਾ ਵਧੇਰੇ ਭਾਗ ਹਾਲੇ ਵੀ ਅਨਪੜ੍ਹ ਹੈ ਅਤੇ ਅਨਪੜ੍ਹ ਵਿਅਕਤੀ ਵਿੱਚ ਰਾਜਨੀਤਿਕ ਜਾਗਰੁਕਤਾ ਦੀ ਕਮੀ ਹੁੰਦੀ ਹੈ, ਜਿਸ ਕਰਕੇ ਅਨਪੜ੍ਹ ਵਿਅਕਤੀ ਆਪਣੀ ਵੋਟ ਦਾ ਇਸਤੇਮਾਲ ਨਹੀਂ ਕਰਦਾ।

2.**ਅਗਿਆਨਤਾ-** ਪੜ੍ਹੇ ਲਿਖੇ ਲੋਕ ਵੀ ਰਾਜਨੀਤਿਕ ਸਮੱਸਿਆ ਪ੍ਰਤੀ ਅਗਿਆਨ ਹੁੰਦੇ ਹਨ ਅਤੇ ਉਹ ਰਾਜਨੀਤਿਕ ਗੁੰਝਲਾਂ ਅਤੇ ਬਰੀਕੀਆਂ ਨੂੰ ਸਮਝ ਨਹੀਂ ਸਕਦੇ ਅਤੇ ਨਾ ਹੀ ਰਾਜਨੀਤਿਕ ਕੰਮਾਂ ਵਿੱਚ ਭਾਗ ਲੈਂਦੇ ਹਨ।

3.**ਗਰੀਬੀ-** ਗਰੀਬ ਵਿਅਕਤੀ ਦੀ ਸੋਚ ਹਮੇਸ਼ਾ ਰੋਟੀ, ਕੱਪੜਾ, ਮਕਾਨ ਆਦਿ ਲੋੜਾਂ ਦੇ ਆਲੇ - ਦੁਆਲੇ ਘੁੰਮਦੀ ਹੈ, ਜਿਸ ਕਰਕੇ ਉਹ ਰਾਜਨੀਤਿਕ ਮਾਮਲਿਆਂ ਵਿੱਚ ਦਿਲਚਸਪੀ ਨਹੀਂ ਲੈਂਦਾ।

4.**ਸਮਾਜਿਕ ਅਤੇ ਰਾਜਨੀਤਿਕ ਪੱਛੜਾਪਨ-** ਭਾਰਤ ਵਿੱਚ ਵੱਡੇ ਪੱਧਰ ਤੇ ਪਾਈ ਜਾਣ ਵਾਲੀ ਗਰੀਬੀ ਅਤੇ ਅਨਪੜ੍ਹਤਾ ਕਰਕੇ ਲੋਕ ਹਾਲੇ ਵੀ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸ਼ਾਂ ਵਿੱਚ ਫਸੇ ਹੋਏ ਹਨ। ਅਜਿਹੇ ਲੋਕਾਂ ਵਿੱਚ ਰਾਜਨੀਤਿਕ ਜਾਗਰੁਕਤਾ ਦੀ ਕਮੀ ਹੁੰਦੀ ਹੈ।

**ਚੋਣ ਪ੍ਰਕਿਰਿਆ ਤੋਂ ਕੀ ਭਾਵ ਹੈ? ਇਸ ਦੇ ਪੜਾਵਾਂ ਦਾ ਵਰਨਣ ਕਰੋ।**

ਉੱਤਰ - ਚੋਣਾਂ ਦਾ ਪ੍ਰਬੰਧ ਕਰਨ ਲਈ ਇੱਕ ਵਿਧੀ ਨਿਸ਼ਿਚਤ ਕੀਤੀ ਜਾਂਦੀ ਹੈ, ਜਿਸ ਦੁਆਰਾ ਚੋਣਾਂ ਕਰਵਾਈਆਂ ਜਾਂਦੀਆਂ ਹਨ।ਇਸ ਸਮੁੱਚੀ ਵਿਧੀ ਨੂੰ ਚੋਣ ਪ੍ਰਕਿਰਿਆ ਕਿਹਾ ਜਾਂਦਾ ਹੈ।ਚੋਣ ਪ੍ਰਕਿਰਿਆ ਦੇ ਪੜਾਅ ਹੇਠ ਲਿਖੇ ਅਨੁਸਾਰ ਹਨ-

1.**ਚੋਣ ਖੇਤਰ ਨਿਸ਼ਚਿਤ ਕਰਨਾ**- ਚੋਣ ਖੇਤਰ ਨਿਸ਼ਚਿਤ ਕਰਨ ਦਾ ਕੰਮ ਹੱਦਬੰਦੀ ਆਯੋਗ ਚੋਣ ਕਮੀਸ਼ਨ ਦੀ ਦੇਖ-ਰੇਖ ਹੇਠ ਕਰਦਾ ਹੈ।ਪਿਛਲਾ ਹੱਦਬੰਦੀ ਆਯੋਗ 2002 ਵਿੱਚ ਕਾਇਮ ਕੀਤਾ ਗਿਆ, ਜਿਸ ਨੇ 2026 ਤੱਕ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੇ ਮੈਂਬਰਾਂ ਦੀ ਗਿਣਤੀ 2026 ਤੱਕ ਨਿਸ਼ਚਿਤ ਕੀਤੀ ।

2. **ਮੱਤਦਾਤਾ ਸੂਚੀਆਂ ਤਿਆਰ ਕਰਨਾ-** ਚੋਣ ਆਯੋਗ ਮੱਤਦਾਤਾ ਸੂਚੀਆਂ ਤਿਆਰ ਕਰਦਾ ਹੈ ਅਤੇ ਯੋਗਤਾਵਾਂ ਪੂਰੀਆਂ ਕਰਨ ਵਾਲੇ ਨਵੇਂ ਨਾਗਰਿਕਾਂ ਦੇ ਨਾਮ ਵੋਟਰ ਸੂਚੀਆਂ ਵਿੱਚ ਸ਼ਾਮਿਲ ਕਰਦਾ ਹੈ।

3. **ਚੋਣਾਂ ਲਈ ਮਿਤੀ ਘੋਸ਼ਿਤ ਕਰਨੀ-** ਚੋਣਾਂ ਲਈ ਮਿਤੀ ਚੋਣ ਆਯੋਗ ਦੁਆਰਾ ਘੋਸ਼ਿਤ ਕੀਤੀ ਜਾਂਦੀ ਹੈ ਅਤੇ ਚੋਣ ਆਯੋਗ ਹੀ ਨਾਮਜ਼ਾਦਗੀ ਪੱਤਰ ਭਰਨ, ਨਾਂ ਵਾਪਿਸ ਲੈਣ ਅਤੇ ਨਾਮਜ਼ਾਦਗੀ ਪੱਤਰਾਂ ਦੀ ਜਾਂਚ ਪੜਤਾਲ ਦੀ ਮਿਤੀ ਘੋਸ਼ਿਤ ਕਰਦਾ ਹੈ।

4.**ਮਤਦਾਨ ਕੇਂਦਰ ਸਥਾਪਿਤ ਕਰਨੇ-** ਵੋਟਰਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਚੋਣ ਆਯੋਗ ਹਰ ਚੋਣ ਖੇਤਰ ਵਿੱਚ ਅਨੇਕਾਂ ਮਤਦਾਨ ਕੇਂਦਰ ਸਥਾਪਿਤ ਕਰਦਾ ਹੈ।

5. **ਮਤਦਾਨ**- ਚੋਣਾਂ ਵਾਲੇ ਦਿਨ ਆਮ ਛੁੱਟੀ ਦੀ ਘੋਸ਼ਣਾ ਕੀਤੀ ਜਾਂਦੀ ਹੈ ਤਾਂ ਜੋ ਹਰ ਵੋਟਰ ਮਤਦਾਨ ਕੇਂਦਰ ਤੇ ਜਾ ਕੇ ਅਪਣੀ ਵੋਟ ਪਾ ਸਕੇ।

6.**ਵੋਟਾਂ ਦੀ ਗਿਣਤੀ-** ਵੋਟਾਂ ਪੈ ਜਾਣ ਮਗਰੋਂ ਚੋਣ ਅਧਿਕਾਰੀ ਨਿਸ਼ਚਿਤ ਦਿਨ, ਸਮੇਂ ਅਤੇ ਸਥਾਨ ਤੇ ਚੋਣ ਅਧਿਕਾਰੀ ਵੋਟਾਂ ਦੀ ਗਿਣਤੀ ਕਰਦੇ ਹਨ।

7. **ਨਤੀਜੇ ਦੀ ਘੋਸ਼ਣਾ-** ਵੋਟਾਂ ਦੀ ਗਿਣਤੀ ਸਮਾਪਤੀ ਦੇ ਪਿੱਛੋ ਜਿਹੜਾ ਉਮੀਦਵਾਰ ਸੱਭ ਤੋਂ ਵਧੇਰੇ ਵੋਟਾਂ ਪ੍ਰਾਪਤ ਕਰ ਲੈਂਦਾ ਹੈ , ਉਸ ਨੂੰ ਜੇਤੂ ਘੋਸ਼ਿਤ ਕਰ ਦਿੱਤਾ ਜਾਂਦਾ ਹੈ ਅਤੇ ਚੋਣ ਅਧਿਕਾਰੀ ਉਸ ਨੂੰ ਪ੍ਰਮਾਣ ਪੱਤਰ ਦਿੰਦਾ ਹੈ।

8. **ਚੋਣ ਉਜ਼ਰਦਾਰੀਆਂ-** ਚੋਣਾਂ ਦਾ ਨਤੀਜਾ ਨਿਕਲ ਜਾਣ ਪਿੱਛੋ ਹਾਰਿਆ ਉਮੀਦਵਾਰ ਨਿਸ਼ਚਿਤ ਸਮੇਂ ਦੇ ਅੰਦਰ ਜਿੱਤੇ ਹੋਏ ਉਮੀਦਵਾਰ ਵਿਰੁੱਧ ਹਾਈਕੋਰਟ ਵਿੱਚ ਚੋਣ ਉਜਰਦਾਰੀ ਦਾਇਰ ਕਰ ਸਕਦਾ ਹੈ, ਕਿ ਉਸ ਨੇ ਭ੍ਰਿਸ਼ਟ ਤਰੀਕੇ ਅਪਣਾ ਕੇ ਚੋਣ ਜਿੱਤੀ ਹੈ।

# ਰਾਸ਼ਟਰੀ ਏਕੀਕਰਨ

**ਪ੍ਰ.੧.ਇਨਸਾਨੀ ਬਿਰਾਦਰੀ ਸੰਸਥਾ ਦਾ ਨਿਰਮਾਣ ਕਿਉ ਹੋਇਆਂ?**

**ਉਤਰ:-** ਇਨਸਾਨੀ ਬਰਾਦਰੀ ਨਾਂ ਦੇ ਸੰਸਥਾ ਦਾ ਨਿਰਮਾਣ ਅਗਸਤ 1970 ਵਿੱਚ ਹੋਇਆ ਜੋ ਕਿ ਦੇਸ਼ ਦੀ ਪਹਿਲਾ ਗੈਰ- ਸਰਕਾਰੀ ਸੰਗਠਨ ਸੰਸਥਾ ਸੀ । ਇਸ ਸੰਸਥਾ ਨੂੰ ਬਣਾਉਣ ਦਾ ਯੋਗਦਾਨ ਖਾਨ ਅਬਦੁਲ ਗਫਾਰ ਖਾਨ ( ਸਰਹੱਦੀ ਗਾਂਧੀ ) ਨੂੰ ਜਾਂਦਾ ਹੈ । ਸਵਰਗੀ ਜੈ ਪ੍ਰਕਾਸ਼ ਨਰਾਇਣ ਨੂੰ ਇਸ ਸੰਸਥਾ ਦਾ ਪ੍ਰਧਾਨ ਅਤੇ ਕਸ਼ਮੀਰੀ ਨੇਤਾ ਸ਼ੇਖ ਅਬਦੁੱਲਾ ਨੂੰ ਇਸ ਦਾ ਉਪ-ਪ੍ਰਧਾਨ ਬਣਾਇਆ ਗਿਆ । ਇਸ ਸੰਸਥਾ ਦਾਂ ਮੁੱਖ ਉਦੇਸ਼ ਸੰਪਰਕਾਇਤਾ ਅਤੇ ਦੇਸ਼ ਨੂੰ ਤੋੜਨ ਵਾਲੀਆਂ ਸ਼ਕਤੀਆਂ ਦਾ ਟਾਕਰਾ ਕਰਨਾ ਅਤੇ ਸਮਾਜ ਵਿੱਚ ਦੇ ਵੱਖ-ਵੱਖ ਵਰਗਾਂ ਵਿੱਚ ਰਾਸ਼ਟਰੀ ਏਕਤਾ ਨੂੰ ਬੜ੍ਹਾਵਾ ਦੇਣਾ ਸੀ ।ਇਨਸਾਨੀ ਬਿਰਾਦਰੀ ਸੰਸਥਾ ਦਾ ਮੂਲ-ਮੰਤਰ ਸ਼ਹਿਣਸ਼ੀਲਤਾ , ਆਪਸੀ ਸਮਝ ਅਤੇ ਸਰਾਹਣਾ ਸੀ।

**ਪ੍ਰ.੨.ਰਾਸ਼ਟਰੀ ਏਕੀਕਰਨ ਪਰਿਸ਼ਦ ਬਾਰੇ ਲਿਖੋ।**

**ਉਤਰ:-** ਰਾਸ਼ਟਰੀ ਏਕੀਕਰਨ ਪਰਿਸ਼ਦ ਦੀ ਸਥਾਪਨਾ ਸੰਤਬਰ 1961 ਵਿੱਚ ਦਿੱਲੀ ਵਿੱਖੇ ਹੋਏ ਰਾਸ਼ਟਰੀ ਏਕੀਕਰਨ ਸੰਮੇਲਨ ਵਿੱਚ ਕੀਤੀਆਂ ਗਈਆਂ ਸ਼ਿਫਾਰਸਾਂ ਦੇ ਆਧਾਰ ਤੇ ਹੋਈ । ਰਾਸ਼ਟਰੀ ਏਕੀਕਰਨ ਪ੍ਰੀਸ਼ਦ ਦਾ ਉਦੇਸ਼ ਰਾਸ਼ਟਰੀ ਏਕੀਕਰਨ ਦੇ ਰਾਹ ਵਿੱਚ ਆਉਣ ਵਾਲੀ ਰੁਕਾਵਟਾਂ ਤੇ ਵਿਚਾਰ ਕਰਨਾ ਅਤੇ ਉਨ੍ਹਾਂ ਦੇ ਹੱਲ ਕਈ ਉਚਿਤ ਤੇ ਪ੍ਰਭਾਵਸ਼ਾਲੀ ਕਦਮ ਉਠਾਉਣਾ ਸੀ । ਰਾਸਟਰੀ ਏਕੀਕਰਨ ਪਰਿਸ਼ਦ ਵਿੱਚ ਪ੍ਰਧਾਨ ਮੰਤਰੀ ,ਕੇਂਦਰੀ ਗ੍ਰਹਿ ਮੰਤਰੀ, ਵਿੱਤ ਮੰਤਰੀ ਤੇ ਸਿਖਿਆ ਮੰਤਰੀ , ਰਾਜਾ ਦੇ ਮੁੱਖ ਮੰਤਰੀ, ਮੁੱਖ ਰਾਜਨੀਤਿਕ ਦਲਾਂ ਦੇ ਨੇਤਾ, ਵਿਸਵਵਿਦਿਆਲਿਆ ਅਨੁਦਾਨ ਆਯੋਗ ਦੇ ਪ੍ਰਧਾਨ, ਦੋ ਪ੍ਰਸਿੱਧ ਸਿੱਖਿਆ ਸ਼ਾਸਤਰੀ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਕਮਿਸ਼ਨਰ ਅਤੇ ਹੋਰ ਮੈਂਬਰ ਸ਼ਾਮਿਲ ਹੁੰਦੇ ਹਨ । ਰਾਸ਼ਟਰੀ ਏਕੀਕਰਨ ਪ੍ਰੀਸ਼ਦ ਦਾ ਸਮੇਂ-ਸਮੇਂ ਤੇ ਪੁਨਰ-ਗਠਨ ਕੀਤਾ ਗਿਆ ਹੈ ਤਾਂ ਜੋ ਇਸ ਨੂੰ ਪ੍ਰਭਾਵੀ ਬਣਾਇਆ ਜਾ ਸਕੇ ।

**ਪ੍ਰ.੩.ਰਾਸਟਰੀ ਏਕੀਕਰਨ/ਮਨੋਵਿਗਿਆਨਕ ਪੱਖ ਦਾ ਕੀ ਅਰਥ ਹੈ?**

**ਉਤਰ:-** ਰਾਸਟਰ ਦੇ ਵਿਕਾਸ ਲਈ ਰਾਸਟਰੀ ਏਕੀਕਰਨ ਦੀ ਅਹਿਮ ਜਰੂਰਤ ਹੈ । ਭਾਰਤ ਦੇ ਦੂਜੇ ਰਾਸ਼ਟਰਪਤੀ **<u>ਡਾ. ਰਾਧਾ ਕ੍ਰਿਸ਼ਨ</u>** ਦੇ ਅਨੁਸਾਰ, **"ਰਾਸਟਰੀ ਏਕੀਕਰਨ ਇਕ ਘਰ ਨਹੀ ਹੈ ਜਿਸ ਦਾ ਨਿਰਮਾਣ ਮਸਾਲੇ ਅਤੇ ਇੱਟਾਂ ਨਾਲ ਕੀਤਾ ਜਾ ਸਕਦਾ ਹੋਵੇ । ਇਹ ਕੋਈ ਸਨਅਤੀ ਯੋਜਨਾ ਵੀ ਨਹੀ ਹੈ ਜਿਸ ਨੂੰ ਮਾਹਿਰਾਂ ਦੁਆਰਾ ਵਿਚਾਰ ਕੇ ਲਾਗੂ ਕੀਤਾ ਜਾ ਸਕਦਾ ਹੋਵੇ। ਦੂਜੇ ਪਾਸੇ ਰਾਸ਼ਟਰੀ ਏਕੀਕਰਨ ਇਕ ਸੋਚ ਹੈ ਜਿਹੜੀ ਕਿ ਲੋਕਾਂ ਦੇ ਦਿਮਾਗ ਵਿਚ ਸਮਾਉਣੀ ਚਾਹੀਦੀ ਹੈ। ਇਹ ਇਕ ਅਜਿਹੀ ਚੇਤਨਾ ਹੈ ਜਿਹੜੀ ਲੋਕਾਂ ਨੂੰ ਸਮੂਹਿਕ ਰੂਪ ਵਿੱਚ ਜਗਾਵੇ"।** ਅੰਤ ਵਿੱਚ ਅਸੀ ਆਖ ਸਕਦੇ ਹਾਂ ਰਾਸਟਰੀ ਏਕੀਕਰਨ ਇਕ ਅਜਿਹੀ ਭਾਵਨਾ ਹੈ ਜਿਹੜੀਆ ਵੱਖ-ਵੱਖ ਭਾਸ਼ਾਵਾਂ ਆਦਿ ਬੋਲਣ ਵਾਲੇ , ਵੱਖ -ਵੱਖ ਜਾਤੀਆਂ ਅਤੇ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਵਿੱਚ ਏਕਤਾ ਦਾ ਇਹਸਾਸ ਪੈਦਾ ਕਰਦੀ ਹੈ ਅਤੇ ਵਿਘਟਨਕਾਰੀਆ ਸਕਤੀਆਂ ਦਾ ਖੰਡਨ ਕਰਦੀ ਹੈ।

**ਪ੍ਰ.੪.ਰਾਸ਼ਟਰੀ ਏਕੀਕਰਨ ਲਈ ਗਰੀਬੀ ਰੁਕਾਵਟ ਕਿਵੇਂ ਹੈ?**

**ਉਤਰ:-** ਗਰੀਬੀ ਕਿਸੇ ਵੀ ਦੇਸ਼ ਲਈ ਸਭ ਤੋ ਵੱਡੀ ਲਾਹਨਤ ਹੈ । ਪਿਛੜਾਪਨ , ਬੇਰੋਜਗਾਰੀ ਅਤੇ ਅਨਪੜ੍ਹਤਾ ਵੀ ਗਰੀਬੀ ਕਾਰਨ ਹੀ ਪੈਦਾ ਹੁੰਦੀਆ ਹੈ । ਭਾਰਤ ਵਿੱਚ ਆਬਾਦੀ ਦਾ <u>29% ਲੋਕ ਗਰੀਬੀ ਰੇਖਾ ਤੋ ਹੇਠਾਂ</u> ਰਹਿ

ਰਿਹਾ ਹੈ।ਗਰੀਬੀ ਕਾਰਨ ਲੋਕਾਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਨਹੀ ਹੋ ਸਕਿਆ । ਕਿਉਕਿ ਲੋਕ ਆਪਣੀਆਂ ਮੁੱਢਲੀਆ ਲੋੜਾਂ ਪੂਰੀਆਂ ਕਰਨ ਤੋ ਅਸਮਰਥ ਹਨ । ਅਜਿਹੇ ਲੋਕਾਂ ਵਾਸਤੇ ਰਾਸਟਰੀ ਏਕਤਾ ਅਤੇ ਦੇਸ਼ ਭਗਤੀ ਜਿਹੀਆਂ ਗੱਲਾਂ ਦਾ ਕੋਈ ਮੱਹਤਵ ਨਹੀ ਰਹਿ ਜਾਦਾ ਹੈ ਜਦੋਂ ਤੱਕ ਇਨਾਂ ਲੋਕਾਂ ਦੀ ਆਰਥਿਕ ਜ਼ਰੂਰਤਾਂ ਪੂਰੀਆਂ ਨਹੀਂ ਹੁੰਦੀਆਂ ।ਗਰੀਬੀ ਭੋਗ ਰਹੇ ਵਿਅਕਤੀਆਂ ਨੂੰ ਦੇਸ਼-ਵਿਰੋਧੀ ਤਾਕਤਾਂ ਵਰਗਲਾਉਣ ਦੀਆਂ ਹਰ ਸੰਭਵ ਕੋਸ਼ਿਸ਼ਾਂ ਕਰਦੀਆਂ ਹਨ ਅਤੇ ਇਹਨਾਂ ਨੂੰ ਦੇਸ਼ ਵਿਰੁੱਧ ਕਾਰਵਾਈਆਂ ਕਰਨ ਲਈ ਉਕਸਾਉਂਦੀਆਂ ਹਨ । ਇਸ ਲਈ ਗਰੀਬੀ ਨੂੰ ਦੂਰ ਕਰਨ ਲਈ ਠੋਸ ਕਦਮ ਉਠਾਉਣੇ ਚਾਹੀਦੇ ਹਨ ।

## ਭਾਰਤ ਦੀ ਵਿਦੇਸ਼ ਨੀਤੀ

ਪ੍ਰਸ਼ਨ 1 ਵਿਦੇਸ਼ ਨੀਤੀ ਦਾ ਕੀ ਅਰਥ ਹੈ ?

ਉੱਤਰ : ਵਰਤਮਾਨ ਯੁਗ ਅੰਤਰਰਾਸ਼ਟਰਵਾਦ ਦਾ ਯੁਗ ਹੈ। ਜਿਸ ਵਿੱਚ ਕੋਈ ਰਾਜ ਇਕੱਲਾ ਨਹੀਂ ਰਹਿ ਸਕਦਾ, ਹਰ ਰਾਜ ਭਾਵੇ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ ਉਸਨੂੰ ਆਪਣੇ ਰਾਸ਼ਟਰੀ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਦੂਜੇ ਰਾਜਾਂ ਨਾਲ ਆਰਥਿਕ ,ਰਾਜਨੀਤਿਕ ਵਿਗਿਆਨਿਕ, ਸੱਭਿਆਚਾਰਿਕ ਆਦਿ ਸੰਬੰਧ ਕਾਇਮ ਕਰਨੇ ਪੈਂਦੇ ਹਨ। ਇੱਕ ਰਾਜ ਦੁਆਰਾ ਆਪਣੇ ਬਾਹਰੀ ਸਬੰਧਾਂ ਦੇ ਬਾਰੇ ਜੋ ਨੀਤੀ ਅਪਣਾਈ ਜਾਂਦੀ ਹੈ, ਉਸ ਨੂੰ ਵਿਦੇਸ਼ ਨੀਤੀ ਕਹਿੰਦੇ ਹਨ। ਦੂਸਰੇ ਸ਼ਬਦਾਂ ਵਿੱਚ ਦੋ ਜਾਂ ਦੋ ਤੋਂ ਜਿਆਦਾ ਦੇਸ਼ਾਂ ਵਿਚਕਾਰ ਸਬੰਧ ਸਥਾਪਿਤ ਕੀਤਾ ਕਰਨ ਦੀ ਨੀਤੀ ਨੂੰ ਵਿਦੇਸ਼ ਨੀਤੀ ਆਖਦੇ ਹਨ, ਭਾਰਤ ਦੀ ਵਿਦੇਸ਼ ਨੀਤੀ ਦਾ ਵਰਨਣ ਅਨੁਛੇਦ 51 ਕੀਤਾ ਗਿਆ ਹੈ ਅਤੇ ਭਾਰਤੀ ਵਿਦੇਸ਼ ਨੀਤੀ ਦੇ ਨਿਰਮਾਤਾ ਪੰਡਿਤ ਜਵਾਹਰ ਲਾਲ ਜੀ ਸਨ।

ਪ੍ਰਸ਼ਨ ਨੰਬਰ 2 ਭਾਰਤ ਦੀ ਵਿਦੇਸ਼ ਨੀਤੀ ਤੇ ਚਾਰ ਮੁੱਖ ਉਦੇਸ਼ ਦੱਸੋ ?

ਉੱਤਰ: (1) ਭਾਰਤ ਦੀ ਏਕਤਾ, ਅਖੰਡਤਾ ਤੇ ਰਾਜਨੀਤਿਕ ਸੁਤੰਤਰਤਾ ਨੂੰ ਕਾਇਮ ਕਰਨਾ ।

(2) ਭਾਰਤ ਵਿਦੇਸ਼ ਪੂੰਜੀ ਨੂੰ ਉਤਸਾਹਿਤ ਕਰੇਗਾ ਅਤੇ ਵਪਾਰਿਕ ਸੰਤੁਲਨ ਨੂੰ ਆਪਣੇ ਹੱਕ ਵਿੱਚ ਕਰੇਗਾ।

(3) ਭਾਰਤ ਵਿਸ਼ਵ ਸ਼ਾਂਤੀ ਦੀ ਸਥਾਪਨਾ ਵਿੱਚ ਸਕਰਾਤਮਿਕ ਭੂਮਿਕਾ ਨਿਭਾਏਗਾ, ਇਸ ਉਦੇਸ਼ ਦੀ ਪੂਰਤੀ ਲਈ ਭਾਰਤ ਅੰਤਰਰਾਸ਼ਟਰੀ ਸਹਿਯੋਗ ਨੂੰ ਉਤਸਾਹਿਤ ਕਰੇਗਾ।

(4) ਭਾਰਤ ਅੰਤਰਰਾਸ਼ਟਰੀ ਸਮੱਸਿਆਵਾਂ ਜਿਵੇਂ ਕਿ ਵਾਤਾਵਰਣ ਦੀ ਸੁਰੱਖਿਆ, ਅਤੰਕਵਾਦ ਦਾ ਖਾਤਮਾ, ਮਨੁੱਖੀ ਅਧਿਕਾਰਾਂ ਦੀ ਰਾਖੀ ਆਦਿ ਲਈ ਕ੍ਰਿਆਤਮਕ ਭੂਮਿਕਾ ਨਿਭਾਏਗਾ ।

ਪ੍ਰਸ਼ਨ ਨੰਬਰ 3: ਗੁੱਟ ਨਿਰਪੇਖਤਾ ਦਾ ਕੀ ਅਰਥ ਹੈ?

ਉੱਤਰ : ਗੁੱਟ ਨਿਰਪੇਖਤਾ ਭਾਰਤ ਦੀ ਵਿਦੇਸ਼ ਨੀਤੀ ਦਾ ਪ੍ਰਮੁੱਖ ਬੁਨਿਆਦੀ ਸਿਧਾਂਤ ਹੈ। ਗੁੱਟ ਨਿਰਪੇਖਤਾ ਦਾ ਅਰਥ ਕਿਸੇ ਗੁੱਟ ਵਿੱਚ ਸ਼ਾਮਿਲ ਨਾ ਹੋਣਾ ਅਤੇ ਸੈਨਿਕ ਸਮਝੌਤਿਆਂ ਤੋਂ ਦੂਰ ਰਹਿਣਾ ਜਿਵੇਂ, NATO, SEATO, CENTO ਆਦਿ, ਗੁੱਟ ਨਿਰਪੇਖਤਾ ਦਾ ਦੂਜਾ ਅਰਥ ਇੱਕ ਰਾਸ਼ਟਰ ਦੁਆਰਾ ਅੰਤਰਰਾਸ਼ਟਰੀ ਮਾਮਲਿਆਂ ਸਬੰਧੀ ਸੁਤੰਤਰ ਨਿਰਣੇ ਲੈਣ ਅਤੇ ਉਸ ਨਿਰਣੇ ਅਨੁਸਾਰ ਕਾਰਜ ਕਰਨ ਦੀ ਸੁਤੰਤਰਤਾ ਤੋਂ ਹੈ ਗੁੱਟ ਨਿਰਪੇਖਤਾ ਦੀ ਨੀਤੀ ਦਾ ਅਰਥ ਅੰਤਰਰਾਸ਼ਟਰੀ ਮਾਮਲਿਆਂ ਵਿੱਚ ਨਿਰਪੱਖਤਾ ਦੀ ਨੀਤੀ ਨਹੀਂ ਹੈ। ਭਾਰਤੀ ਨੇਤਾ ਗੁੱਟ ਨਿਰਪੇਖਤਾ ਦੀ ਨੀਤੀ ਨੂੰ ਸ਼ਾਂਤੀ ਦੀ

ਸਕਾਰਾਤਮਕ ਨੀਤੀ ਕਹਿੰਦੇ ਹਨ, ਭਾਰਤ ਗੁੱਟ ਨਿਰਪੇਖਤਾ ਦੀ ਨੀਤੀ ਦਾ ਬਾਨੀ ਹੈ। ਅੱਜ ਕੱਲ 120 ਦੇਸ਼ ਗੁੱਟ ਨਿਰਪੇਖਤਾ ਦੀ ਨੀਤੀ ਵਿੱਚ ਵਿਸ਼ਵਾਸ ਰੱਖਦੇ ਹਨ।

ਪ੍ਰਸ਼ਨ ਨੰਬਰ :4. ਗੁੱਟ ਨਿਰਪੇਖਤਾ ਦੀਆਂ ਕੋਈ ਚਾਰ ਮੁੱਖ ਵਿਸ਼ੇਸ਼ਤਾਵਾਂ ਲਿਖੋ ?

ਉੱਤਰ: 1.ਆਮ ਤੌਰ ਤੇ ਅੰਤਰਰਾਸ਼ਟਰੀ ਝਗੜਿਆਂ ਵਿੱਚ ਨਾ ਉਲਝਣਾਂ

2. ਸੈਨਿਕ ਸੰਧੀਆਂ ਤੋਂ ਵੱਖ ਰਹਿਣਾ

3. ਕਿਸੇ ਵੀ ਸ਼ਕਤੀ ਧੜੇ ਵਿੱਚ ਸ਼ਾਮਿਲ ਨਾ ਹੋਣਾ

4. ਸ਼ਾਂਤੀ ਵਿੱਚ ਵਿਸ਼ਵਾਸ

5.ਆਪਣੀ ਵਿਦੇਸ਼ੀ ਨੀਤੀ ਦਾ ਨਿਰਮਾਣ ਸੁਤੰਤਰਤਾ ਨਾਲ ਕਰਨਾ ਅਤੇ ਕੋਈ ਵੀ ਫੈਸਲਾ ਕਿਸੇ ਦੂਸਰੇ ਦੇਸ਼ ਦੇ ਦਬਾਓ ਹੇਠ ਆ ਕੇ ਨਾ ਕਰਨਾ।

ਗੁੱਟ ਨਿਰਪੇਖਤਾ ਦਾ ਅਰਥ ਸੰਸਾਰ ਦੀਆਂ ਸਮੱਸਿਆਵਾਂ ਵੱਲੋਂ ਮੂੰਹ ਮੋੜਨਾ ਨਹੀਂ ਹੈ ਸਗੋਂ ਉਹਨਾਂ ਦੇ ਹੱਲ ਲਈ ਕ੍ਰਿਆਸ਼ੀਲ ਭੂਮਿਕਾ ਨਿਭਾਉਣ ਤੋਂ ਹੈ

## ਭਾਰਤ ਅਤੇ ਸੰਯੁਕਤ ਰਾਸ਼ਟਰ

Q. 1 ਸੰਯੁਕਤ ਰਾਸ਼ਟਰ ਤੋਂ ਤੁਹਾਡਾ ਕੀ ਭਾਵ ਹੈ? ਇਸਦੇ ਮੁੱਖ ਅੰਗਾਂ ਦੇ ਨਾਂ ਲਿਖੋ।

What do you mean by United Nations? Write down the names of its organs.

Ans. ਸੰਯੁਕਤ ਰਾਸ਼ਟਰ ਇੱਕ ਅੰਤਰ-ਰਾਸ਼ਟਰੀ ਸੰਗਠਨ ਹੈ ਜੋ ਕਿ ਸੰਸਾਰ ਸ਼ਾਂਤੀ ਦੀ ਸਥਾਪਨਾ ਦੇ ਉਦੇਸ਼ ਨੂੰ ਮੁੱਖ ਰੱਖ ਕੇ 24 ਅਕਤੂਬਰ, 1945 ਨੂੰ ਕਾਇਮ ਕੀਤਾ ਗਿਆ ਸੀ। ਆਰੰਭ ਵਿੱਚ ਇਸ ਦੇ ਕੇਵਲ 51 ਦੇਸ਼ ਹੀ ਮੈਂਬਰ ਸਨ, ਪਰੰਤੂ ਹੌਲੀ-ਹੌਲੀ ਇਸ ਦੇ ਮੈਂਬਰਾਂ ਦੀ ਸੰਖਿਆ ਵੱਧਦੀ ਗਈ ਅਤੇ ਅੱਜ 193 ਦੇਸ਼ ਇਸ ਦੇ ਮੈਂਬਰ ਹਨ। ਇਸ ਦੇ ਮੁੱਖ ਅੰਗ ਹਨ—

(i) ਮਹਾਂ ਸਭਾ, (ii) ਸੁਰੱਖਿਆ ਪ੍ਰੀਸ਼ਦ, (iii) ਆਰਥਿਕ ਅਤੇ ਸਮਾਜਿਕ ਪ੍ਰੀਸ਼ਦ, (iv) ਅਮਾਨਤੀ ਪ੍ਰੀਸ਼ਦ, (v) ਅੰਤਰ-ਰਾਸ਼ਟਰੀ ਨਿਆਂ ਅਦਾਲਤ ਅਤੇ (vi) ਸਕੱਤਰੇਤ |

(ii) ਇਹਨਾਂ ਤੋਂ ਇਲਾਵਾ ਸੰਯੁਕਤ ਰਾਸ਼ਟਰ ਦੀਆਂ ਅਨੇਕਾਂ ਏਜੰਸੀਆਂ ਹਨ ਜਿਹੜੀਆਂ ਵੱਖ-ਵੱਖ ਖੇਤਰਾਂ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੀਆਂ ਹਨ ਜਿਹਾ ਕਿ ਯੂਨੈਸਕੋ (UNESCO), ਅੰਤਰ-ਰਾਸ਼ਟਰੀ ਮਜ਼ਦੂਰ ਸੰਘ (International Labour Organisation), ਵਿਸ਼ਵ ਸਿਹਤ ਸੰਗਠਨ (World Health Organisation), ਅੰਨ ਅਤੇ ਖੇਤੀਬਾੜੀ ਸੰਘ (Food and Agriculture Organisation), ਅੰਤਰ-ਰਾਸ਼ਟਰੀ ਮੁੱਦਰਾ ਕੋਸ਼ (International Monetary Fund), ਵਿਸ਼ਵ ਪੋਸਟਲ ਸੰਘ (Universal Postal Union) ਆਦਿ ।

Q.2 ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਵਿਚ ਕੌਣ ਵੀਟੋ ਸ਼ਕਤੀ ਦਾ ਪ੍ਰਯੋਗ ਕਰਦਾ ਹੈ ? ਇਸ ਦਾ ਅਰਥ ਕੀ ਹੈ ?

Who makes use of Veto Power in the Security Council of United Nations? What is its meaning?

Ans. ਸੁਰੱਖਿਆ ਪ੍ਰੀਸ਼ਦ ਵਿਚ ਵੀਟੋ ਸ਼ਕਤੀ ਮਾਨਣ ਵਾਲੇ ਪੰਜ ਮਹਾਨ ਦੇਸ਼ ਹਨ-

(1) ਸੰਯੁਕਤ ਰਾਜ ਅਮਰੀਕਾ
(2) ਬਰਤਾਨੀਆਂ
(3) .ਫਰਾਂਸ
(4) ਜਨਵਾਦੀ ਗਣਰਾਜ ਚੀਨ

ਵੀਟੋ ਸ਼ਕਤੀ ਦਾ ਅਰਥ ਹੈ ਕਿ ਇਹਨਾਂ ਪੰਜ ਮਹਾਨ ਦੇਸ਼ਾਂ ਵਿਚੋਂ ਕੋਈ ਵੀ ਇਕ ਦੇਸ਼ ਸੁਰੱਖਿਆ ਪ੍ਰੀਸ਼ਦ ਦੇ ਨਿਰਣੇ ਨੂੰ ਰੱਦ ਜਾਂ ਵੀਟੋ ਕਰ ਸਕਦਾ ਹੈ |

Q. 3 ਭਾਰਤ ਦੀ ਸੰਯੁਕਤ ਰਾਸ਼ਟਰ ਵਿਚ ਭੂਮਿਕਾ ਦਾ ਵਰਣਨ ਕਰੋ।

Describe the role of India in United Nations.

Ans. ਭਾਰਤ ਸੰਯੁਕਤ ਰਾਸ਼ਟਰ ਦੇ ਚਾਰਟਰ ਤੇ ਦਸਤਖਤ ਕਰਨ ਵਾਲੇ 51 ਮੁੱਢਲੇ ਦੇਸ਼ਾਂ ਵਿੱਚੋਂ ਇਕ ਹੈ ਅਤੇ ਸੁਤੰਤਰਤਾ ਪ੍ਰਾਪਤੀ ਤੋਂ ਲੈ ਕੇ ਅੱਜ ਤੱਕ ਇਸ ਸੰਗਠਨ ਵਿੱਚ ਅਤੀ ਕ੍ਰਿਆਸ਼ੀਲ ਭੂਮਿਕਾ ਨਿਭਾ ਰਿਹਾ ਹੈ। ਭਾਰਤ ਨੂੰ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਅਤੇ ਉਦੇਸ਼ਾਂ ਵਿਚ ਪੂਰਾ ਵਿਸ਼ਵਾਸ਼ ਹੈ, ਭਾਰਤ ਸੰਯੁਕਤ ਰਾਸ਼ਟਰ ਦੇ ਵੱਖ-ਵੱਖ ਅੰਗਾਂ ਜਿਹਾ ਕਿ ਸੁਰੱਖਿਆ ਪ੍ਰੀਸ਼ਦ, ਆਰਥਿਕ ਅਤੇ ਸਮਾਜਿਕ ਪ੍ਰੀਸ਼ਦ ਅਤੇ ਅਮਾਨਤੀ ਪ੍ਰੀਸ਼ਦ ਆਦਿ ਦਾ ਕਈ ਵਾਰ ਮੈਂਬਰ ਰਿਹਾ ਹੈ ਅਤੇ ਅੱਜ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਬਣਨ ਲਈ ਯਤਨਸ਼ੀਲ ਹੈ। ਭਾਰਤ ਨੇ ਸ਼ਾਂਤੀ ਸਥਾਪਨਾ ਦੇ ਯਤਨਾਂ ਵਿਚ ਹਰ ਵਾਰੀ ਸੰਯੁਕਤ ਰਾਸ਼ਟਰ ਦਾ ਸਾਥ ਦਿੱਤਾ ਹੈ ਅਤੇ ਲੋੜ ਪੈਣ' ਤੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸ਼ਾਂਤੀ ਸਥਾਪਨਾ ਲਈ ਸੁਰੱਖਿਆ ਬਲ ਵੀ ਭੇਜੇ ਹਨ। ਭਾਰਤ ਦੇ ਅਨੇਕਾਂ ਅਧਿਕਾਰੀ ਸੰਯੁਕਤ ਰਾਸ਼ਟਰ ਦੇ ਉੱਚੇ ਅਹੁਦਿਆਂ ਤੇ ਰਹਿ ਚੁਕੇ ਹਨ ਅਤੇ ਭਾਰਤ ਸੰਯੁਕਤ ਰਾਸ਼ਟਰ ਨੂੰ ਹੋਰ ਵੀ ਪ੍ਰਭਾਵਸ਼ਾਲੀ ਸੰਗਠਨ ਬਣਾਏ ਜਾਣ ਦੇ ਹੱਕ ਵਿੱਚ ਹੈ ਕਿਉਂਕਿ “ਭਾਰਤ ਸੰਯੁਕਤ ਰਾਸ਼ਟਰ ਤੋਂ ਬਿਨਾਂ ਸੰਸਾਰ ਦੀ ਕਲਪਨਾ ਵੀ ਨਹੀਂ ਕਰ ਸਕਦਾ।"

Q.4 ਸੰਯੁਕਤ ਰਾਸ਼ਟਰ ਦੇ ਮੁੱਖ ਉਦੇਸ਼ ਲਿਖੋ।

Write down the main objectives of United Nation.

Ans. ਸੰਯੁਕਤ ਰਾਸ਼ਟਰ ਦੇ ਮੁੱਖ ਉਦੇਸ਼ ਹਨ

1. ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਸਥਾਪਤ ਕਰਨਾ ਅਤੇ ਯੁੱਧਾਂ ਨੂੰ ਰੋਕਣ ਲਈ ਠੋਸ ਕਦਮ ਚੁਕਣੇ।

11. ਵੱਖ-ਵੱਖ ਰਾਸ਼ਟਰਾਂ ਵਿਚਕਾਰ ਸਮਾਨਤਾ ਦੇ ਆਧਾਰ ਤੇ ਮਿੱਤਰਤਾਪੂਰਨ ਸੰਬੰਧ ਕਾਇਮ ਕਰਨੇ।

III. ਅੰਤਰਰਾਸ਼ਟਰੀ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਮਨੁੱਖੀ ਮਿਲਵਰਤਣ ਬਣਾਉਣਾ ਅਤੇ

IV. ਇਹਨ ਉਦੇਸ਼ਾਂ ਦੀ ਪੂਰਤੀ ਲਈ ਵੱਖ-ਵੱਖ ਰਾਸ਼ਟਰਾਂ ਵਿਚਕਾਰ ਮੇਲ-ਮਿਲਾਪ ਦੀ ਭਾਵਨਾ ਪੈਦਾ ਕਰਨਾ ਅਤੇ ਇਹਨਾਂ ਸਾਰੇ ਯਤਨਾਂ ਨੂੰ ਸਿਰੇ ਚਾੜ੍ਹਨ ਲਈ ਇਕ ਕੇਂਦਰ ਵਜੋਂ ਕੰਮ ਕਰਨਾ।

## ਭਾਰਤ ਅਤੇ ਸਾਰਕ

16. ਸਾਰਕ ਵਿੱਚ ਸ਼ਾਮਿਲ ਮੁਢਲੇ ਮੈਂਬਰ ਦੇਸ਼ਾਂ ਦੇ ਨਾਮ ਲਿਖੋ।

ਉ: 1.ਭਾਰਤ 2.ਮਾਲਦੀਵ 3.ਪਾਕਿਸਤਾਨ 4.ਬੰਗਲਾਦੇਸ਼ 5.ਸ੍ਰੀਲੰਕਾ 6.ਭੂਟਾਨ 7.ਅਫਗਾਨਿਸਤਾਨ 8.ਨੇਪਾਲ

17.ਸਾਰਕ ਦੇ ਮੁੱਖ ਸਿਧਾਂਤ ਕੀ ਹਨ?

ਉ:1. ਸਾਰਕ ਦੇ ਮੈਂਬਰਾ ਦੇ ਦੋ ਪੱਖੀ ਮਸਲਿਆਂ ਤੇ ਵਿਚਾਰ ਨਹੀ ਕੀਤਾ ਜਾਵੇਗਾ ।

2. ਸਾਰਕ ਮੈਂਬਰ ਦੇਸ਼ਾਂ ਦੀ ਪ੍ਰਭੂਸੱਤਾ, ਸਮਾਨਤਾ,ਖੇਤਰੀ ਅਖੰਡਤਾ,ਰਾਜਨੀਤਕ ਸੁਤੰਤਰਤਾ ਦਾ ਸਨਮਾਨ ਕਰਦੇ ਹੋਏ ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਚ ਦਖਲ ਨਹੀ ਦੇਵੇਗਾ।

3. ਆਪਸੀ ਸਹਿਯੋਗ ਨੂੰ ਵਧਾਵਾ ਦਿੱਤਾ ਜਾਵੇਗਾ।

4. ਸਾਰਕ ਸੰਮੇਲਨ ਵਿੱਚ ਸਾਰੇ ਫੈਸਲੇ ਆਮ ਸਹਿਮਤੀ ਨਾਲ ਲਏ ਜਾਣਗੇ।

18. ਸਾਰਕ ਦੇ ਮੁੱਖ ਉਦੇਸ਼ ਕੀ ਹਨ ?

ਉ:1. ਦੱਖਣ ਏਸ਼ੀਆਈ ਰਾਂਜਾ ਵਿੱਚ ਆਪਸੀ ਸਹਿਯੋਗ ਵਧਾਉਣਾ ਅਤੇ ਵਿਕਾਸ ਵਿੱਚ ਸਕਾਰਾਤਮਕ ਸਹਿਯੋਗ ਦੇਣਾ।

2. ਮੈਂਬਰਾਂ ਦੀਆਂ ਆਪਸੀ ਸਮੱਸਿਆਂਵਾਂ ਦਾ ਹੱਲ ਸ਼ਾਂਤਮਈ ਢੰਗ ਨਾਲ ਕਰਨਾ।

3. ਖੇਤਰ ਵਿੱਚ ਵੱਧ ਤੋਂ ਵੱਧ ਸਮਾਜਿਕ, ਸੱਭਿਆਚਾਰਕ ਉਨੱਤੀ ਕਰਨਾ।

4 .ਦੱਖਣ ਏਸ਼ੀਆਈ ਦੇਸ਼ਾਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਨਾ।

19. ਸਾਰਕ ਦਿਆਂ 4 ਪ੍ਰਾਪਤੀਆਂ ਦਿਓ।

ਉ: 1. ਸਾਰਕ ਅਧੀਨ 11 ਤਕਨੀਕੀ ਸਮਿਤੀਆਂ ਦੀ ਸਥਾਪਨਾ ਕੀਤੀ ਗਈ ਹੈ।

2 .12 ਅਗਸਤ 1988 ਨੂੰ ਸਾਰਕ ਦੁਆਰਾ ਅੰਨ ਸੁਰੱਖਿਆ ਭੰਡਾਰ ਸਮਝੌਤਾ ਲਾਗੂ ਕੀਤਾ ਗਿਆ।

3 .ਵਪਾਰ ਅਤੇ ਅਰਥ ਵਿਵਸਥਾ ਦੇ ਖੇਤਰ ਵਿੱਚ ਆਪਸੀ ਸਹਿਯੋਗ ਤੇ ਜ਼ੋਰ ਦਿੱਤਾ ਗਿਆ ਹੈ।

4 .ਸਮਾਜਿਕ ਕਾਰਜ ਸੂਚੀ ਅਧੀਨ 1990 ਵਿੱਚ ਗ਼ਰੀਬੀ ਨੂੰ ਦੂਰ ਕਰਨਾ,ਸ਼ਾਖਰਤਾ ਨੂੰ ਵਧਾਉਣਾ,ਔਰਤਾਂ ਅਤੇ ਬੱਚਿਆਂ ਦੇ ਵਿਕਾਸ ਤੇ ਜ਼ੋਰ ਦਿੱਤਾ ਗਿਆ ਹੈ।

## ਭਾਰਤ ਦੇ ਗੁਆਂਢੀ ਦੇਸ਼ਾਂ ਨਾਲ ਸਬੰਧ

ਪ੍ਰਸ਼ਨ 1. ਕਸ਼ਮੀਰ ਸਮੱਸਿਆ ਕੀ ਹੈ?

ਉੱਤਰ-ਭਾਰਤ ਪਾਕਿਸਤਾਨ ਸਬੰਧਾਂ ਵਿੱਚ ਤਨਾਅ ਦਾ ਮੁੱਖ ਕਾਰਨ ਕਸ਼ਮੀਰ ਸਮੱਸਿਆ ਹੈ। 1947 ਵਿੱਚ ਆਜ਼ਾਦੀ ਪ੍ਰਾਪਤ ਹੋਣ ਤੋਂ ਬਾਅਦ ਪਾਕਿਸਤਾਨ ਦੁਆਰਾ ਕਸ਼ਮੀਰ ਤੇ ਆਪਣਾ ਅਧਿਕਾਰ ਜਮਾਉਣ ਲਈ ਅਕਤੂਬਰ 1947 ਵਿੱਚ ਹਥਿਆਰਬੰਦ ਕਬਾਇਲੀਆਂ ਦੁਆਰਾ ਕਸ਼ਮੀਰ ਤੇ ਹਮਲਾ ਕਰ ਦਿੱਤਾ ਗਿਆ ਸੀ। ਪ੍ਰੰਤੂ 26 ਅਕਤੂਬਰ 1947 ਨੂੰ ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਦੁਆਰਾ ਕਸ਼ਮੀਰ ਨੂੰ ਭਾਰਤ ਚ ਸ਼ਾਮਿਲ ਕੀਤੇ ਜਾਣ ਦੀ ਘੋਸ਼ਣਾ ਕਰ ਦਿੱਤੀ ਗਈ ਜਿਸ ਦੇ ਨਤੀਜੇ ਵਜੋਂ ਭਾਰਤ ਨੇ ਆਪਣੀਆਂ ਫੌਜਾਂ ਭੇਜ ਕੇ ਪਾਕਿਸਤਾਨੀ ਕਬਾਇਲੀਆਂ ਨੂੰ ਪਿੱਛੇ ਧੱਕ ਕੇ ਕਸ਼ਮੀਰ ਦਾ ਬਹੁਤ ਸਾਰਾ ਖੇਤਰ ਉਹਨਾਂ ਤੋਂ ਖਾਲੀ ਕਰਵਾ ਲਿਆ ਪ੍ਰੰਤੂ ਛੇਤੀ ਹੀ ਭਾਰਤ ਦੁਆਰਾ ਯੁੱਧਬੰਦੀ ਦੀ ਘੋਸ਼ਣਾ ਕਰ ਦਿੱਤੀ ਗਈ। ਇਸ ਕਰਕੇ ਕਸ਼ਮੀਰ ਦਾ ਲਗਭਗ ਇੱਕ ਤਿਹਾਈ ਹਿੱਸਾ ਪਾਕਿਸਤਾਨ ਦੇ ਕਬਜ਼ੇ ਹੇਠ ਰਹਿ ਗਿਆ ਜਿਸ ਨੂੰ ਆਜ਼ਾਦ ਕਸ਼ਮੀਰ ਜਾਂ ਮਕਬੂਜਾ ਕਸ਼ਮੀਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਭਾਰਤ ਕਸ਼ਮੀਰ ਦੇ ਪਾਕਿਸਤਾਨੀ ਕਬਜ਼ੇ ਵਾਲੇ ਹਿੱਸੇ ਨੂੰ ਵਾਪਸ ਲੈਣਾ ਚਾਹੁੰਦਾ ਹੈ ਜਦੋਂ ਕਿ ਪਾਕਿਸਤਾਨ ਪੂਰੇ ਕਸ਼ਮੀਰ ਤੇ ਕਬਜ਼ਾ ਕਰਨਾ ਚਾਹੁੰਦਾ ਹੈ ਅਤੇ ਇਸ ਤਰ੍ਹਾਂ ਇਹ ਸਮੱਸਿਆ ਅੱਜ ਤੱਕ ਦੋਵੇਂ ਦੇਸ਼ਾਂ ਵਿੱਚਕਾਰ ਤਨਾਅ ਦਾ ਕਾਰਨ ਬਣੀ ਹੋਈ ਹੈ।

ਪ੍ਰਸ਼ਨ 2. ਭਾਰਤ ਚੀਨ ਸਬੰਧਾਂ ਵਿੱਚ ਤਨਾਅ ਲਈ ਜ਼ਿੰਮੇਵਾਰ ਕਾਰਨ ਲਿਖੋ।

ਉੱਤਰ 1. ਚੀਨ ਮੈਕਮੋਹਨ ਰੇਖਾ ਜੋ ਕਿ ਭਾਰਤ ਚੀਨ ਦੀ ਸੀਮਾ ਨੂੰ ਨਿਸ਼ਚਿਤ ਕਰਦੀ ਹੈ ਨੂੰ ਮੰਨਣ ਲਈ ਤਿਆਰ ਨਹੀਂ ਹੈ। 1953 ਦੇ ਆਰੰਭ ਵਿੱਚ ਚੀਨ ਦੁਆਰਾ ਪ੍ਰਕਾਸ਼ਿਤ ਕੀਤੇ ਨਕਸ਼ਿਆਂ ਵਿੱਚ ਭਾਰਤ ਦੇ ਉੱਤਰ- ਪੱਛਮੀ ਸੀਮਾ ਦੇ ਵਿਸ਼ਾਲ ਖੇਤਰ ਨੂੰ ਚੀਨ ਦਾ ਭਾਗ ਦਿਖਾਇਆ ਗਿਆ ਸੀ।

2. ਭਾਰਤ ਦੁਆਰਾ ਤਿੱਬਤੀਆਂ ਦੇ ਧਾਰਮਿਕ ਨੇਤਾ ਦਲਾਈਲਾਮਾ ਸਮੇਤ ਅਨੇਕਾਂ ਤਿੱਬਤੀਆਂ ਨੂੰ ਭਾਰਤ ਵਿੱਚ ਸ਼ਰਨ ਦਿੱਤੀ ਗਈ ਸੀ ਜੋ ਕਿ ਚੀਨ ਨੂੰ ਚੰਗਾ ਨਹੀਂ ਲੱਗਾ।

3. ਚੀਨ ਦੁਆਰਾ ਭਾਰਤ ਵਿਰੁੱਧ ਅਨੇਕਾਂ ਵਾਰੀ ਪਾਕਿਸਤਾਨ ਦੀ ਖੁੱਲ ਕੇ ਸਹਾਇਤਾ ਕੀਤੀ ਗਈ ਹੈ ਜੋ ਕਿ ਭਾਰਤ ਨੂੰ ਚੰਗੀ ਨਹੀਂ ਲੱਗੀ। ਚੀਨ ਦੁਆਰਾ ਪਾਕਿਸਤਾਨ ਦੀ ਪਰਮਾਣੂ ਸ਼ਕਤੀ ਦੇ ਵਿਕਾਸ ਵਿੱਚ ਵੀ ਸਹਾਇਤਾ ਕੀਤੀ ਗਈ।

4. ਚੀਨ ਨੇ ਭਾਰਤ ਦੀ 38 ਹਜਾਰ ਵਰਗ ਕਿਲੋਮੀਟਰ ਜ਼ਮੀਨ ਉੱਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਉਸ ਨੂੰ ਛੱਡਣ ਲਈ ਤਿਆਰ ਨਹੀਂ ਹੈ ਇਹ ਵੀ ਭਾਰਤੀ ਚੀਨ ਸਬੰਧਾਂ ਵਿੱਚ ਤਨਾਅ ਦਾ ਮੁੱਖ ਕਾਰਨ ਹੈ।

ਪ੍ਰਸ਼ਨ 3. ਸ਼ਿਮਲਾ ਸਮਝੌਤੇ ਉੱਤੇ ਇੱਕ ਸੰਖੇਪ ਨੋਟ ਲਿਖੋ।

ਉੱਤਰ-1971 ਵਿੱਚ ਹੋਏ ਭਾਰਤ ਪਾਕਿਸਤਾਨ ਯੁੱਧ ਪਿੱਛੋਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜੁਲਫਿਕਾਰ ਅਲੀ ਭੁੱਟੋ ਵਿਚਕਾਰ 2 ਜੁਲਾਈ 1972 ਨੂੰ ਸ਼ਿਮਲਾ ਵਿਖੇ ਸਮਝੌਤਾ ਹੋਇਆ ਸੀ ਜਿਸ ਨੂੰ ਸ਼ਿਮਲਾ ਸਮਝੌਤਾ ਕਿਹਾ ਜਾਂਦਾ ਹੈ। ਇਸ ਸਮਝੌਤੇ ਅਧੀਨ ਦੋਨੇ ਦੇਸ਼ਾਂ ਨੇ ਹੇਠ ਲਿਖੇ ਵਿਸ਼ਿਆਂ ਤੇ ਸਹਿਮਤੀ ਪ੍ਰਗਟ ਕੀਤੀ।

ੳ. ਦੋਵੇਂ ਦੇਸ਼ ਆਪਣੀਆਂ ਸਮੱਸਿਆਵਾਂ ਨੂੰ ਸ਼ਾਂਤੀ ਪੂਰਨ ਢੰਗ ਨਾਲ ਹੱਲ ਕਰਨਗੇ।

ਅ. ਦੋਵੇਂ ਦੇਸ਼ ਇੱਕ ਦੂਜੇ ਦੀਆਂ ਸੀਮਾਵਾਂ ਦੀ ਉਲੰਘਣਾ ਨਹੀਂ ਕਰਨਗੇ।

ੲ. ਦੋਵੇਂ ਦੇਸ਼ ਇੱਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜੀ ਨਹੀਂ ਕਰਨਗੇ।

ਸ ਦੋਵੇਂ ਦੇਸ਼ਾਂ ਵਿਚਕਾਰ ਡਾਕ ਤਾਰ ਅਤੇ ਜਲ ਥਲ ਅਤੇ ਵਾਯੂ ਸੰਚਾਰ ਸੇਵਾ ਦੁਬਾਰਾ ਬਹਾਰ ਕੀਤੀ ਜਾਵੇਗੀ।

ਹ. ਦੋਵੇਂ ਦੇਸ਼ਾਂ ਵਿਚਕਾਰ ਆਰਥਿਕ ਵਪਾਰਕ ਅਤੇ ਸਭਿਆਚਾਰਕ ਖੇਤਰ ਵਿੱਚ ਸਹਿਯੋਗ ਪੈਦਾ ਕੀਤਾ ਜਾਵੇਗਾ।

ਕ. ਦੋਵੇਂ ਦੇਸ਼ ਇੱਕ ਦੂਜੇ ਦੇ ਵਿਰੁੱਧ ਸ਼ਕਤੀ ਦੀ ਵਰਤੋਂ ਨਹੀਂ ਕਰਨਗੇ।

ਪ੍ਰਸ਼ਨ 4.ਕਰਤਾਰਪੁਰ ਲਾਂਘੇ ਬਾਰੇ ਤੁਸੀਂ ਕੀ ਜਾਣਦੇ ਹੋ?

ਉੱਤਰ-30 ਅਕਤੂਬਰ 2018 ਨੂੰ ਅਮਰੀਕੀ ਸਿੱਖਾਂ ਦਾ ਇੱਕ ਜਥਾ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਮਿਲਿਆ ਸੀ ਅਤੇ ਉਸਨੇ ਕਰਤਾਰਪੁਰ ਲਾਂਘੇ ਦੇ ਨਿਰਮਾਣ ਸਬੰਧੀ ਭਾਰਤ ਸਰਕਾਰ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ ਸੀ। ਨਵੰਬਰ 2018 ਵਿੱਚ ਭਾਰਤੀ ਮੰਤਰੀ ਮੰਡਲ ਨੇ ਕਰਤਾਰਪੁਰ ਲਾਂਘ ਬਣਾਉਣ ਸਬੰਧੀ ਫੈਸਲਾ ਲਿਆ ਅਤੇ ਪਾਕਿਸਤਾਨ ਦੀ ਸਰਕਾਰ ਨੂੰ ਲੋੜੀਂਦੀ ਕਦਮ ਚੁੱਕਣ ਲਈ ਸੁਝਾਅ ਦਿੱਤਾ। 26 ਨਵੰਬਰ 2018 ਨੂੰ ਭਾਰਤ ਦੇ ਉੱਪਰ ਰਾਸ਼ਟਰਪਤੀ ਸ੍ਰੀ ਵੈਂਕਈਆ ਨਾਇਡੂ ਨੇ ਡੇਰਾ ਬਾਬਾ ਨਾਨਕ ਕਰਤਾਰਪੁਰ ਸਾਹਿਬ ਦੇ ਮਾਰਗ ਤੇ ਪਿੰਡ ਮਾਨ ਜ਼ਿਲ੍ਹਾ ਗੁਰਦਾਸਪੁਰ ਵਿਖੇ ਨੀਹ ਪੱਥਰ ਰੱਖਿਆ। 28 ਨਵੰਬਰ 2018 ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਕਰਤਾਰਪੁਰ ਲਾਂਘੇ ਦਾ ਨੀਂਹ ਪੱਥਰ ਪਾਕਿਸਤਾਨ ਦੇ ਜਿਲਾ ਨੈਰੋਵਾਲ ਦੇ ਨੇੜੇ ਇੱਕ ਸਥਾਨ ਤੇ ਰੱਖਿਆ। 1 ਨਵੰਬਰ 2019 ਵਿੱਚ ਸਿੱਖਾਂ ਦੇ ਇਤਿਹਾਸਕ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘਾ ਖੋਲ ਦਿੱਤਾ ਗਿਆ।।

## India’s Approach to Major World Issues

1.ਭਾਰਤ ਦਾ ਨਿਸ਼ਸਤਰੀਕਰਨ ਤੋਂ ਕੀ ਭਾਵ ਹੈ ?

Ans- ਭਾਰਤ ਇਕ ਸ਼ਾਂਤੀ ਪਸੰਦ ਦੇਸ਼ ਹੈ ਭਾਰਤ ਦੀ ਇਹ ਨੀਤੀ ਰਹੀ ਹੈ ਕਿ ਨਸ਼ਸਤਰੀਕਰਨ ਦੁਆਰਾ ਹੀ ਵਿਸ਼ਵ ਸ਼ਾਂਤੀ ਨੂੰ ਬਣਾਏ ਰੱਖਿਆ ਜਾ ਸਕਦਾ ਹੈ ਪ੍ਰਧਾਨ ਮੰਤਰੀ ਸ੍ਰੀ ਰਜੀਵ ਗਾਂਧੀ ਨੇ ਕਈ ਵਾਰ ਸਪਸ਼ਟ ਸ਼ਬਦਾਂ ਵਿੱਚ ਕਿਹਾ ਸੀ ਕਿ ਨਿਸ਼ਸਤਰੀਕਰਨ ਸਮੇਂ ਦੀ ਮੰਗ ਹੈ ਭਾਰਤ ਦਾ ਪ੍ਰਮਾਣੂ ਪ੍ਰੋਗਰਾਮ ਵੀ ਸ਼ਾਂਤੀਪੂਰਨ ਉਦੇਸ਼ਾਂ ਲਈ ਹੀ ਹੈ

2.ਮਨੁੱਖੀ ਅਧਿਕਾਰਾਂ ਤੋਂ ਕੀ ਭਾਵ ਹੈ?

Ans-ਮਨੁੱਖੀ ਅਧਿਕਾਰ ਉਹ ਸੁਤੰਤਰਤਾਵਾਂ ਅਤੇ ਪਰਿਸਥਿਤੀਆਂ ਹਨ ਜੋ ਮਨੁੱਖ ਵਿੱਚ ਉਚਿਤ ਸਮਰੱਥਾਵਾਂ ਦੇ ਵਿਕਾਸ ਵਿੱਚ ਸਹਾਇਕ ਹੁੰਦੀਆਂ ਹਨ ਅਤੇ ਵਿਅਕਤੀ ਦੇ ਗੌਰਵ ਨੂੰ ਬਣਾਏ ਰੱਖਣ ਵਿੱਚ ਜਰੂਰੀ ਹਨ ਇਹ ਅਧਿਕਾਰ ਮਨੁੱਖ ਦਾ ਸਰਪੱਖੀ ਵਿਕਾਸ ਕਰਦੇ ਹਨ 3.ਕਿਸੇ ਚਾਰ ਮਨੁੱਖੀ ਅਧਿਕਾਰਾਂ ਦੇ ਨਾਂ ਲਿਖੋ ।

Ans-1.ਜੀਵਨ ਦਾ ਅਧਿਕਾਰ 2. ਵਿਚਾਰ ਪ੍ਰਗਟਾਓਣ ਦਾ ਅਧਿਕਾਰ 3. ਤਸੀਹਿਅਂ ਵਿਰੁੱਧ ਅਧਿਕਾਰ 4.ਮੁਕੱਦਮੇ ਦੀ ਨਿਅਂ ਪੂਰਨ ਸੁਣਵਾਈ ਦਾ ਅਧਿਕਾਰ ।

4.ਵਿਸ਼ਵੀਕਰਨ ਦਾ ਅਰਥ ਲਿਖੋ ।

Ans-ਵਿਸ਼ਵੀਕਰਨ ਦਾ ਅਰਥ ਇਕ ਰਾਜ ਦੀ ਅਰਥ ਵਿਵਸਥਾ ਨੂੰ ਵਿਸ਼ਵ ਦੇ ਦੂਸਰੇ ਰਾਜਾਂ ਦੀ ਅਰਥ ਵਿਵਸਥਾ ਨਾਲ ਜੋੜਨਾ ਹੈ ਅਤੇ ਇਸ ਦੇ ਰਸਤੇ ਵਿੱਚ ਅਓਣ ਵਾਲੀ ਰੁਕਾਵਟਾਂ ਨੂੰ ਦੂਰ ਕਰਨਾ ਹੈ।  ਜਿਵੇਂ ਕਿ ਅਯਾਤ ਨਿਰਯਾਤ ਦੀ ਨੀਤੀ ਵਿੱਚ ਛੂਟ,ਵਿਦੇਸ਼ੀ  ਪੂੰਜੀ ਨਿਵੇਸ਼ ਨੂੰ ਉਤਸ਼ਾਹ ਆਦਿ।